ਮਾਣਯੋਗ ਉਪ ਰਾਸ਼ਟਰਪਤੀ ਜਗਦੀਪ ਧਨਖੜ ਨਿਆਂਪਾਲਿਕਾ ਦੇ ਸਮਰਥਨ ਵਿੱਚ ਸਾਹਮਣੇ ਆਏ, ਇਹ ਕਹਿੰਦੇ ਹੋਏ ਕਿ ਸੀਜੇਐਲ ਦੀ ਟਿੱਪਣੀ ਨਿੱਜੀ ਪ੍ਰੋਟੋਕੋਲ ਬਾਰੇ ਨਹੀਂ ਸੀ, ਸਗੋਂ ਇੱਕ ਸਿਧਾਂਤਕ ਯਾਦ ਦਿਵਾਉਂਦੀ ਸੀ ਕਿ ਲੋਕਤੰਤਰ ਦੇ ਸਾਰੇ ਅੰਗ - ਕਾਰਜਕਾਰੀ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ - ਨੂੰ ਆਪਸੀ ਸਤਿਕਾਰ ਨੂੰ ਬਣਾਈ ਰੱਖਣਾ ਚਾਹੀਦਾ ਹੈ।

"ਇਕੁਐਲਿਟੀ ਐਂਡ ਜਸਟਿਸ" "Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

"ਨਿਆਂਪਾਲਿਕਾ ਵਿਸ਼ੇਸ਼ ਵਿਹਾਰ ਦੀ ਮੰਗ ਨਹੀਂ ਕਰ ਰਹੀ ਹੈ। ਇਹ ਲੋਕਤੰਤਰ ਦੇ ਸਹਿ-ਬਰਾਬਰ ਥੰਮ੍ਹ ਵਜੋਂ ਮਾਨਤਾ ਦੀ ਮੰਗ ਕਰ ਰਹੀ ਹੈ। ਇਹ ਦਰਜਾਬੰਦੀ ਨਹੀਂ ਸਗੋਂ ਸਦਭਾਵਨਾ ਹੈ," ਉਪ ਰਾਸ਼ਟਰਪਤੀ ਨੇ ਕਿਹਾ।

ਉਪ-ਰਾਸ਼ਟਰਪਤੀ ਨੇ ਪਹਿਲਾਂ ਸੰਵਿਧਾਨਕ ਸੀਮਾਵਾਂ ਦਾ ਸਤਿਕਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ ਅਤੇ ਉਨ੍ਹਾਂ ਉਦਾਹਰਣਾਂ ਦਾ ਜ਼ਿਕਰ ਕੀਤਾ ਹੈ ਜਿੱਥੇ ਨਿਆਂਪਾਲਿਕਾ ਅਤੇ ਵਿਧਾਨਪਾਲਿਕਾ ਅਧਿਕਾਰ ਖੇਤਰ ਜਾਂ ਅਧਿਕਾਰ ਦੇ ਮਾਮਲਿਆਂ 'ਤੇ ਟਕਰਾਅ ਵਿੱਚ ਆਈਆਂ ਹਨ। ਇਸ ਮਾਮਲੇ ਵਿੱਚ ਨਿਆਂਪਾਲਿਕਾ ਲਈ ਉਨ੍ਹਾਂ ਦਾ ਸਮਰਥਨ ਕਾਰਜਪਾਲਿਕਾ ਦੀ ਹੱਦੋਂ ਵੱਧ ਪਹੁੰਚ ਅਤੇ ਪ੍ਰਸ਼ਾਸਨਿਕ ਉਦਾਸੀਨਤਾ 'ਤੇ ਇੱਕ ਵਿਆਪਕ ਸੰਸਥਾਗਤ ਚਿੰਤਾ ਨਾਲ ਮੇਲ ਖਾਂਦਾ ਹੈ।

### ਖਤਮ ਦੇ ਸਮੇਂ ਵਿੱਚ ਸੰਸਥਾਗਤ ਨੈਤਿਕਤਾ

ਇਹ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਭਾਰਤ ਦੀਆਂ ਲੋਕਤੰਤਰੀ ਸੰਸਥਾਵਾਂ ਦੀ ਵੱਧ ਤੋਂ ਵੱਧ ਪਰਖ ਹੋ ਰਹੀ ਹੈ। ਨੌਕਰਸ਼ਾਹੀ ਦੀ ਅਵੱਗਿਆ ਤੋਂ ਲੈ ਕੇ ਪ੍ਰਸ਼ਾਸਨਿਕ ਅਹੁਦਿਆਂ ਦੇ ਰਾਜਨੀਤੀਕਰਨ ਤੱਕ, ਸੰਸਥਾਗਤ ਸ਼ਿਸ਼ਟਾਚਾਰ ਅਤੇ ਸਤਿਕਾਰ ਦਾ ਖੋਰਾ ਅਕਸਰ ਡੂੰਘੀ ਢਾਂਚਾਗਤ ਬੇਚੈਨੀ ਦਾ ਸੰਕੇਤ ਦਿੰਦਾ ਹੈ।

ਚੀਫ਼ ਜਸਟਿਸ ਦਾ ਆਪਸੀ ਤਾਲਮੇਲ ਵਿੱਚ ਮਾਣ-ਸਨਮਾਨ ਲਈ ਸੱਦਾ ਸਿਰਫ਼ ਪ੍ਰਤੀਕਾਤਮਕ ਨਹੀਂ ਹੈ - ਇਹ ਸੰਵਿਧਾਨਕ ਨੈਤਿਕਤਾ ਨੂੰ ਛੂੰਹਦਾ ਹੈ ਜਿਸ 'ਤੇ ਅੰਬੇਡਕਰ ਨੇ ਜ਼ੋਰ ਦਿੱਤਾ ਸੀ। ਸੰਸਥਾਵਾਂ ਨੂੰ ਸਿਰਫ਼ ਕੰਮ ਨਹੀਂ ਕਰਨਾ ਚਾਹੀਦਾ - ਉਨ੍ਹਾਂ ਨੂੰ ਇੱਕ ਦੂਜੇ ਪ੍ਰਤੀ ਸੰਜਮ, ਜ਼ਿੰਮੇਵਾਰੀ ਅਤੇ ਸਤਿਕਾਰ ਨਾਲ ਅਜਿਹਾ ਕਰਨਾ ਚਾਹੀਦਾ ਹੈ।

### ਸੰਵਿਧਾਨ ਕੰਪਾਸ ਦੇ ਰੂਪ ਵਿੱਚ

ਜਸਟਿਸ ਬੀ.ਆਰ. ਗਵਈ ਨੇ ਦਰਸ਼ਕਾਂ ਨੂੰ ਯਾਦ ਦਿਵਾਇਆ, ਇਹ ਸੰਵਿਧਾਨ ਹੈ ਜੋ ਸਰਵਉੱਚ ਹੈ, ਨਾ ਕਿ ਅਸਥਾਈ ਅਧਿਕਾਰ ਰੱਖਣ ਵਾਲੇ ਵਿਅਕਤੀਆਂ ਜਾਂ ਦਫ਼ਤਰਾਂ ਲਈ। ਇਸ ਤਰ੍ਹਾਂ ਕਾਰਜਕਾਰੀ ਅਤੇ ਰਾਜਨੀਤਿਕ ਵਰਗ ਨੂੰ ਨਿਆਂਪਾਲਿਕਾ ਦੀ ਯਾਦ ਦਿਵਾਉਣਾ ਪ੍ਰੋਟੋਕੋਲ ਦੀ ਮੰਗ ਨਹੀਂ ਹੈ, ਸਗੋਂ ਸੰਵਿਧਾਨਕ ਅਖੰਡਤਾ ਲਈ ਇੱਕ ਬੇਨਤੀ ਹੈ। ਵਧਦੇ ਸੰਸਥਾਗਤ ਟਕਰਾਅ ਦੇ ਸਮੇਂ, ਅਜਿਹੇ ਯਾਦ-ਸੰਕੇਤ ਟਕਰਾਅ ਵਜੋਂ ਨਹੀਂ, ਸਗੋਂ ਕੋਰਸ ਸੁਧਾਰ ਵਜੋਂ ਕੰਮ ਕਰਦੇ ਹਨ।

ਐਡਵ.ਬਿੰਦੂ ਅੰਮੀਨੀ/ਦਲਿਤ ਨਾਰੀਵਾਦੀ

ਅੰਗਰੇਜ਼ੀ ਲੇਖਾਂ ਵਿੱਚ ਪੋਸਟ ਕੀਤਾ ਗਿਆ

ਟੈਗ ਕੀਤਾ ਗਿਆ ਸੀਜੇਆਈ ਬੀ.ਆਰ. ਗਵਈ, ਭਾਰਤ ਦਾ ਸੰਵਿਧਾਨ, ਲੋਕਤੰਤਰੀ ਸਤਿਕਾਰ, ਸਮਾਨਤਾ ਅਤੇ ਨਿਆਂ, ਭਾਰਤੀ ਨਿਆਂਪਾਲਿਕਾ, ਸੰਸਥਾਗਤ ਸਦਭਾਵਨਾ, ਕਾਨੂੰਨ ਦਾ ਰਾਜ, ਸੰਵਿਧਾਨ ਦੀ ਸਰਵਉੱਚਤਾ

# ਫਿਰੋਜ਼ਪੁਰ ਵਿਖੇ BSF ਨੇ ਪਿਸਤੌਲ ਸਣੇ ਸ਼ੱਕੀ ਵਿਅਕਤੀ ਸਮੇਤ 2 ਡਰੋਨ ਕੀਤੇ ਬਰਾਮਦ

## ਸਰਹੱਦ ਪਾਰ ਤੋਂ ਆ ਰਹੇ ਸਮੱਗਲਰਾਂ ਅਤੇ ਡਰੋਨ ਹੈਂਡਲਰਾਂ ਦੀ ਨਾਪਾਕ ਯੋਜਨਾ ਨੂੰ ਨਾਕਾਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 9463601616 hardipchumber57@gmail.com

ਬੀ.ਐਸ.ਐਫ. ਦੀ ਇੰਟੈਲੀਜੈਂਸ ਵਿੰਗ ਵਲੋਂ ਮਿਲੀ ਠੋਸ ਜਾਣਕਾਰੀ ਦੇ ਆਧਾਰ 'ਤੇ ਬੀ.ਐਸ.ਐਫ. ਦੇ ਜਵਾਨਾਂ ਨੇ ਅੱਜ ਫਿਰੋਜ਼ਪੁਰ ਦੇ ਪਿੰਡ ਗੇਂਦੂ ਕਿਲਚਾ ਤੋਂ 1 ਸ਼ੱਕੀ ਵਿਅਕਤੀ ਨੂੰ ਦੇਸੀ ਪਿਸਤੌਲ ਅਤੇ 1 ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਉਕਤ ਵਿਅਕਤੀ ਹਬੀਬ ਵਾਲਾ ਪਿੰਡ ਦਾ ਰਹਿਣ ਵਾਲਾ ਹੈ, ਜਿਸ ਨੂੰ ਹੋਰ ਪੁੱਛਗਿੱਛ ਲਈ ਪੁਲਿਸ ਥਾਣਾ ਮਮਦੋਟ ਹਵਾਲੇ ਕਰ ਦਿੱਤਾ ਗਿਆ ਹੈ ਤਾਂ ਜੋ ਉਸ ਦੇ ਗੈਰ-ਕਾਨੂੰਨੀ ਸਬੰਧਾਂ ਦੀ ਜਾਂਚ ਕੀਤੀ ਜਾ ਸਕੇ। ਬੀ.ਐਸ.ਐਫ. ਦੇ ਜਵਾਨਾਂ ਨੇ ਬੀਤੀ ਰਾਤ ਪਿੰਡ ਹਜ਼ਾਰਾ ਸਿੰਘ ਵਾਲਾ ਨੇੜੇ ਇਕ ਸੁੱਕੀ ਹੋਈ ਡਰੇਨ ਦੇ ਵਿਚੋਂ ਇਕ ਡਰੋਨ ਬਰਾਮਦ ਕੀਤਾ ਅਤੇ ਅੱਜ 11:50 ਵਜੇ ਬੀ.ਐਸ. ਐਫ. ਦੇ ਚੌਕਸ ਜਵਾਨਾਂ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕਿਲਚੇ ਦੇ ਨੇੜੇ ਇਕ ਖੇਤ ਵਿਚੋਂ ਡੀ. ਜੀ. ਏਅਰ 3 ਇਕ



ਡਰੋਨ ਬਰਾਮਦ ਕੀਤਾ। ਉਥੇ ਹੀ ਬੀ.ਐਸ.ਐਫ. ਦੇ ਜਵਾਨਾਂ ਨੇ ਸਰਚ ਅਭਿਆਨ ਤਹਿਤ ਕਾਰਵਾਈ ਕਰਦੇ ਹੋਏ ਇਕ ਵਾਰ ਫਿਰ ਸਰਹੱਦ ਪਾਰ ਤੋਂ ਆ ਰਹੇ ਸਮੱਗਲਰਾਂ ਅਤੇ ਡਰੋਨ ਹੈਂਡਲਰਾਂ ਦੀ ਨਾਪਾਕ ਯੋਜਨਾ ਨੂੰ ਨਾਕਾਮ ਕਰ ਦਿੱਤਾ।

# ਭਾਰਤ-ਪਾਕਿ ਵਿਚਾਲੇ ਦੁਵੱਲੀ ਗੱਲਬਾਤ ਚ ਕੋਈ ਸਮਝੌਤਾ ਨਹੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 9463601616 hardipchumber57@gmail.com

ਜੈਸ਼ੰਕਰ ਨੇ ਇਹ ਵੀ ਕਿਹਾ ਕਿ ਭਾਰਤ ਭਵਿੱਖ ਵਿੱਚ ਪਹਿਲਗਾਮ ਵਰਗੇ ਕਿਸੇ ਵੀ ਅਤਿਵਾਦੀ ਹਮਲੇ ਦੇ ਜਵਾਬ ਵਿੱਚ ਪਾਕਿਸਤਾਨ 'ਚ ਅਤਿਵਾਦੀਆਂ 'ਤੇ ਫਿਰ ਤੋਂ ਹਮਲਾ ਕਰੇਗਾ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ 'ਅਪਰੇਸ਼ਨ ਸਿੰਧੂਰ' ਖ਼ਤਮ ਨਹੀਂ ਹੋਇਆ ਹੈ।

ਨੈਦਰਲੈਂਡਜ਼ ਦੇ ਪ੍ਰਸਾਰਕ 'NOS' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਜੈਸ਼ੰਕਰ ਨੇ ਕਿਹਾ ਕਿ ਸਰਕਾਰ ਇਸ ਗੱਲ ਨੂੰ ਲੈ ਕੇ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ 'ਜੇਕਰ ਅਜਿਹਾ ਕੋਈ ਹਮਲਾ ਹੁੰਦਾ ਹੈ ਤਾਂ ਜਵਾਬ ਦਿੱਤਾ ਜਾਵੇਗਾ।'

ਜੈਸ਼ੰਕਰ ਨੈਦਰਲੈਂਡਜ਼, ਡੈਨਮਾਰਕ ਅਤੇ ਜਰਮਨੀ ਦੇ ਦੌਰੇ ਤਹਿਤ ਨੈਦਰਲੈਂਡਜ਼ ਦੇ ਹੇਗ (Hague) ਸ਼ਹਿਰ ਵਿੱਚ ਸਨ।

# ਭੰਗਲ ਖੁਰਦ ਸਕੂਲ ਵਿਖੇ ਜੈਵਿਕ ਵਿਭਿੰਨਤਾ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਵਿਖੇ ਵਿਸ਼ਵ ਜੈਵਿਕ ਵਿਭਿੰਨਤਾ ਦਿਵਸ ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਦ ਅਲੱਗ ਅਲੱਗ ਮੁਕਾਬਲੇ ਕਰਵਾਏ ਗਏ। ਜਾਣਕਾਰੀ ਦਿੰਦਿਆ ਸਕੂਲ ਇੰਚਾਰਜ ਨੀਰਜ ਕੁਮਾਰੀ ਸਟੇਟ ਅਵਾਰਡੀ ਨੇ ਦੱਸਿਆ ਕਿ ਜੈਵਿਕ ਵਿਭਿੰਨਤਾ ਦਿਵਸ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਛੇਵੀਂ ਜਮਾਤ ਦੇ ਵਿਦਿਆਰਥੀਆਂ ਦੇ ਪੇਟਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਇੰਦਰਪ੍ਰੀਤ ਕੌਰ ਨੇ ਪਹਿਲਾ ਸਥਾਨ, ਮਨਮੀਤ ਸਿੰਘ ਨੇ ਦੂਸਰਾ ਸਥਾਨ ਅਤੇ ਪਾਇਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਾਨੀਆ ਨੇ ਪਹਿਲਾ ਸਥਾਨ , ਤਨਵੀਰ ਕੌਰ ਨੇ ਦੂਸਰਾ ਸਥਾਨ ਅਤੇ ਖੁਸ਼ੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਵਿਅਕਤੀਗਤ ਕੁਇਜ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸੁਖਦੀਪ ਕੌਰ ਨੇ ਪਹਿਲਾ ਸਥਾਨ, ਪਰਨੀਤ ਕੌਰ ਨੇ ਦੂਸਰਾ ਸਥਾਨ ਅਤੇ ਸੋਨੂੰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਇੰਚਾਰਜ ਨੀਰਜ ਕੁਮਾਰੀ ਸਟੇਟ ਅਵਾਰਡੀ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਵਿਦਿਆਰਥੀਆਂ ਨੂੰ ਜੈਵਿਕ ਵਿਭਿੰਨਤਾ ਦਿਵਸ ਮਨਾਉਣ ਦੇ ਮਹੱਤਵ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆ ਕਿਹਾ ਕਿ ਧਰਤੀ ਉੱਪਰ ਰਹਿਣ ਵਾਲੇ ਹਰੇਕ ਪ੍ਰਜਾਤੀ ਦੀ ਰੱਖਿਆ ਕਰਨਾ ਸਾਡਾ ਫਰਜ ਹੈ। ਵਿਭਿੰਨ ਜੀਵਾਂ ਦੀ ਰੱਖਿਆ ਕਰਨ ਵਿੱਚ ਵੱਧ ਚੜ੍ਹ ਕੇ ਯੋਗਦਾਨ ਦੇਣਾ ਚਾਹੀਦਾ ਹੈ। ਇਸ ਮੌਕੇ ਹਰਜੀਤ ਕੌਰ ਅਤੇ ਮਨਜਿੰਦਰ ਕੌਰ ਹਾਜ਼ਰ ਸਨ।

# ਪਿੰਡ ਦੇ ਸਰਪੰਚ ਦੀ ਧੀ ਹੈਰੋਇਨ ਸਮੇਤ ਗ੍ਰਿਫ਼ਤਾਰ

**ਜਲੰਧਰ ਪੁਲਿਸ ਨੇ ਕਰਤਾਰਪੁਰ ਪਿੰਡ ਦੇ ਸਰਪੰਚ ਦੀ ਧੀ ਨੂੰ 18 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਨਾਹਰਪੁਰ ਪਿੰਡ ਦੇ ਸਰਪੰਚ ਰਣਜੀਤ ਕੌਰ ਦੀ ਧੀ ਪਰਮਜੀਤ ਕੌਰ ਉਰਫ਼ ਪੰਮੋ ਨੂੰ ਮੰਗਲਵਾਰ ਨੂੰ ਪੁਲਿਸ ਨਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ।**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਜਲੰਧਰ ਪੁਲਿਸ ਨੇ ਕਰਤਾਰਪੁਰ ਪਿੰਡ ਦੇ ਸਰਪੰਚ ਦੀ ਧੀ ਨੂੰ 18 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਨਾਹਰਪੁਰ ਪਿੰਡ ਦੇ ਸਰਪੰਚ ਰਣਜੀਤ ਕੌਰ ਦੀ ਧੀ ਪਰਮਜੀਤ ਕੌਰ ਉਰਫ਼ ਪੰਮੋ ਨੂੰ ਮੰਗਲਵਾਰ ਨੂੰ ਪੁਲਿਸ ਚੌਕੀ ਤੋਂ ਗ੍ਰਿਫ਼ਤਾਰ ਕੀਤਾ ਗਿਆ।

ਇਸ ਤੋਂ ਪਹਿਲਾਂ, ਉਸਦੀ ਇੱਕ ਕਥਿਤ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਸੀ, ਜਿਸ ਵਿੱਚ ਉਸਨੂੰ ਕਥਿਤ ਤੌਰ 'ਤੇ ਇੱਕ ਹੱਥ ਵਿੱਚ ਚਿੱਟਾ ਪਦਾਰਥ ਵਾਲਾ ਪੌਲੀਬੈਗ ਅਤੇ ਦੂਜੇ ਹੱਥ ਵਿੱਚ ਇਲੈਕਟ੍ਰਾਨਿਕ ਤੋਲਣ ਵਾਲੀ ਮਸ਼ੀਨ ਫੜੀ ਹੋਈ ਦਿਖਾਈ ਦਿੱਤੀ ਸੀ।

ਉਸ ਵਿਰੁੱਧ ਕਰਤਾਰਪੁਰ ਪੁਲਿਸ ਸਟੇਸ਼ਨ ਵਿੱਚ ਐਨਡੀਪੀਐਸ ਐਕਟ ਦੀ ਧਾਰਾ 21, 61 ਅਤੇ 85 ਅਤੇ ਬੀਐਨਐਸ ਦੀ ਧਾਰਾ 111(2) ਅਤੇ 111(3) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਕਰਤਾਰਪੁਰ ਪੁਲਿਸ ਨੇ ਕਿਹਾ ਕਿ ਔਰਤ ਵਿਰੁੱਧ ਪਹਿਲਾਂ ਵੀ ਤਿੰਨ ਮਾਮਲੇ ਦਰਜ ਸਨ, ਜਿਨ੍ਹਾਂ ਵਿੱਚ ਇੱਕ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਦੇ ਤਹਿਤ ਵੀ ਸ਼ਾਮਲ ਹੈ

# ਜਮਹੂਰੀ ਅਧਿਕਾਰ ਸਭਾ ਵੱਲੋਂ ਬੀੜ ਐਸਵਾਨ ਜਾ ਰਹੇ ਗ੍ਰਿਫ਼ਤਾਰ ਕੀਤੇ ਮਜ਼ਦੂਰ ਮਰਦ ਔਰਤਾਂ ਨੂੰ ਰਿਹਾਅ ਕਰਨ ਅਤੇ ਗਿਣਤੀ ਦੀ ਜਾਣਕਾਰੀ ਜਨਤਕ ਦੀ ਮੰਗ

**ਬੇਗਮਪੁਰਾ ਵਸਾਉਣ ਲਈ ਬੀੜ ਐਸਵਾਨ ਜਾ ਰਹੇ ਗ੍ਰਿਫ਼ਤਾਰ ਕੀਤੇ ਮਜ਼ਦੂਰ ਮਰਦ ਔਰਤਾਂ ਨੂੰ ਰਿਹਾਅ ਕਰਨ ਅਤੇ ਗਿਣਤੀ ਦੀ ਜਾਣਕਾਰੀ ਜਨਤਕ ਕਰੇ ਸਰਕਾਰ: ਜਮਹੂਰੀ ਅਧਿਕਾਰ ਸਭਾ ਪੰਜਾਬ**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ/ਸੰਗਰੂਰ, 22 ਮਈ, 2025: ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ 927 ਏਕੜ ਜ਼ਮੀਨ ਉਪਰ ਬੇਗਮਪੁਰਾ ਵਸਾਉਣਾ ਅਤੇ 17 ਏਕੜ ਲੈਂਡ ਸੀਲਿੰਗ ਐਕਟ ਤਹਿਤ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਵਿੱਚ ਵੰਡਣ ਲਈ ਕੀਤੇ ਸੰਘਰਸ਼ ਦੌਰਾਨ ਗਿਰਫ਼ਤਾਰ ਕੀਤੇ ਮਜ਼ਦੂਰਾਂ, ਔਰਤਾਂ ਅਤੇ ਮਰਦਾਂ ਦੀ ਤੁਰੰਤ ਰਿਹਾਈ ਅਤੇ ਗੱਲ ਬਾਤ ਰਾਹੀਂ ਮਸਲੇ ਦਾ ਹੱਲ ਕਰਨ ਦੀ ਮੰਗ ਕੀਤੀ ਹੈ ਸਭਾ ਦੇ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਬੇਚਿਰਾਗ ਪਿੰਡ ਬੀੜ ਐਸਵਾਨ ਸੰਗਰੂਰ ਵਿਖੇ 927 ਏਕੜ ਜ਼ਮੀਨ ਚ ਬੇਗਮਪੁਰਾ ਵਸਾਉਣ ਨੂੰ ਰੋਕਣ ਲਈ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਬੁਖਲਾਹਟ ਵਿੱਚ ਆ ਕੇ ਬੇਜ਼ਮੀਨੇ ਦਲਿਤ ਮਜ਼ਦੂਰਾਂ ਉੱਪਰ ਚਲਾਏ ਦਮਨ ਚੱਕਰ ਵਿੱਚ ਸੈਂਕੜੇ ਮਜ਼ਦੂਰ ਮਰਦ ਔਰਤਾਂ ਨੂੰ ਗ੍ਰਿਫ਼ਤਾਰ ਕਰਕੇ ਦਲਿਤਾਂ ਨਾਲ ਧ੍ਰੋਹ ਕਮਾਇਆ ਗਿਆ ਹੈ। ਸੰਗਰੂਰ ਪ੍ਰਸ਼ਾਸਨ ਨੇ ਬੀੜ ਐਸਵਾਨ ਜ਼ਮੀਨ ਵੱਲ ਵੱਧ ਰਹੇ ਸੈਂਕੜੇ ਮਜ਼ਦੂਰਾਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ। ਕੁੱਝ ਲੋਕਾਂ ਨੂੰ ਦੇਰ ਰਾਤ ਰਿਹਾਅ ਕਰ ਦਿੱਤਾ ਗਿਆ ਲੇਕਿਨ 400 ਤੋਂ ਵੱਧ ਮਜ਼ਦੂਰ ਮਰਦ ਔਰਤਾਂ ਨੂੰ ਸੰਗਰੂਰ ਪ੍ਰਸ਼ਾਸਨ ਨੇ ਗ੍ਰਿਫ਼ਤਾਰ ਕਰਨ ਉਪਰੰਤ ਸੰਗਰੂਰ ਜੇਲ੍ਹ 'ਚ 70, ਮਲੇਰਕੋਟਲਾ 'ਚ 35, ਪਟਿਆਲਾ 'ਚ 66 ਅਤੇ ਨਾਭਾ ਜੇਲ੍ਹ 'ਚ 85 ਮਜ਼ਦੂਰਾਂ ਨੂੰ ਕੈਦ ਕਰਨ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਬਠਿੰਡਾ ਜੇਲ੍ਹ ਵਿੱਚ 100 ਦੇ ਕਰੀਬ ਮਜ਼ਦੂਰ ਔਰਤਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਪ੍ਰੰਤੂ ਬਾਕੀ ਮਜ਼ਦੂਰ ਮਰਦ ਔਰਤਾਂ ਨੂੰ ਕਿਸ ਜੇਲ੍ਹ ਜਾਂ ਆਰਜੀ ਜੇਲ੍ਹ ਵਿੱਚ ਪ੍ਰਸ਼ਾਸਨ ਨੇ ਨਜ਼ਰਬੰਦ ਕੀਤਾ। ਪ੍ਰਸ਼ਾਸਨ ਉਹ ਦੱਸਣ ਲਈ ਤਿਆਰ ਨਹੀਂ।

ਸਭਾ ਨੇ ਮੰਗ ਕੀਤੀ ਹੈ ਕਿ ਨੇ ਸੂਬਾ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਬੇਗਮਪੁਰਾ ਵਸਾਉਣ ਤੋਂ ਰੋਕਣ ਲਈ ਗ੍ਰਿਫ਼ਤਾਰ ਮਜ਼ਦੂਰ ਮਰਦ ਔਰਤਾਂ ਦੀ ਸਮੇਤ ਗਿਣਤੀ ਜਨਤਕ ਕਰੇ ਕਿ ਉਹਨਾਂ ਨੂੰ ਕਿਸ ਕਿਸ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਹੋਇਆ ਹੈ ਤਾਂ ਕਿ ਫ਼ਿਕਰਮੰਦ ਪਰਿਵਾਰਾਂ ਨੂੰ ਉਹਨਾਂ ਦੇ ਆਪਣਿਆਂ ਦੀ ਸਹੀ ਸਲਾਮਤ ਹੋਣ ਦੀ ਜਾਣਕਾਰੀ ਮਿਲ ਸਕੇ। ਅਤੇ ਗਿਰਫ਼ਤਾਰ ਕੀਤੇ ਮਜ਼ਦੂਰਾਂ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ ਹੈ

# ਬੇਗਮਪੁਰਾ ਵਸਾਉਣ ਲਈ ਤੁਰੇ ਸੈਂਕੜੇ ਮਜਦੂਰਾਂ ਦੀਆ ਗ੍ਰਿਫਤਾਰੀਆਂ ਦੀ ਡੀ.ਟੀ.ਐੱਫ. ਵੱਲੋਂ ਨਿਖੇਧੀ

**ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫਤਾਰ ਕਾਰਕੁੰਨਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ, ਪੰਜਾਬ ਸਰਕਾਰ ਮਜਦੂਰਾਂ ਦੇ ਜ਼ਮਹੂਰੀ ਸੰਘਰਸ਼ਾਂ ਨੂੰ ਜ਼ਬਰ ਰਾਹੀਂ ਕੁਚਲਣ ਦੇ ਰਾਹ ਪਈ: ਡੀ.ਟੀ.ਐੱਫ.**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 22 ਮਈ, 2025: ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਦੀ ਸੂਬਾ ਕਮੇਟੀ ਨੇ ਸੰਗਰੂਰ ਸ਼ਹਿਰ ਦੇ ਨੇੜੇ ਜੀਂਦ ਰਿਆਸਤ ਦੀ 927 ਏਕੜ ਜ਼ਮੀਨ ਉੱਤੇ ਬੇਗਮਪੁਰਾ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪੁੱਜ ਰਹੇ ਸੰਘਰਸ਼ਸ਼ੀਲ ਬੇਜ਼ਮੀਨੇ ਮਜ਼ਦੂਰਾਂ ਵੱਲੋਂ ਕੀਤੇ ਜਾਣ ਵਾਲੇ ਜਮਹੂਰੀ ਪ੍ਰਦਰਸ਼ਨ ਨੂੰ ਛੇ ਜ਼ਿਲ੍ਹਿਆਂ ਦੀ ਪੁਲਿਸ ਦੇ ਜ਼ੋਰ ਰੋਕਣ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਕੁਨਾਂ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕਰਕੇ ਜੇਲ੍ਹ ਭੇਜਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ ਅਤੇ ਸਾਰੇ ਗ੍ਰਿਫਤਾਰ ਮਜ਼ਦੂਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਸੂਬਾ ਮੀਤ ਪ੍ਰਧਾਨ ਰਘਵੀਰ ਭਵਾਨੀਗੜ੍ਹ ਨੇ ਦੱਸਿਆ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਪੰਜਾਬ ਵਿੱਚ 17.5 ਏਕੜ (ਕਿੱਲੇ) ਤੋਂ ਵਧੇਰੇ ਮਲਕੀਅਤ ਵਾਲੀ ਜ਼ਮੀਨ ਨੂੰ ਲੈਂਡ ਸੀਲਿੰਗ ਐਕਟ ਅਧੀਨ ਜ਼ਮੀਨ ਵਿਹੂਣੇ ਲੋਕਾਂ ਵਿੱਚ ਵੰਡਿਆ ਜਾਣਾ ਬਣਦਾ ਹੈ। ਇਸ ਮੰਗ ਨੂੰ ਲੈ ਕੇ ਸਮਾਜ ਦੇ ਸਭ ਤੋਂ ਵੱਧ ਪੀੜਤ ਲੋਕਾਂ ਵਿੱਚ ਸ਼ਾਮਲ ਬੇਜ਼ਮੀਨੇ ਮਜ਼ਦੂਰ ਵਰਗ ਵੱਲੋਂ ਬੀੜ ਐਸਵਾਨ ਦੀ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ ਜੋ ਕਿ ਕਦੇ ਜੀਂਦ ਦੇ ਰਾਜੇ ਦੀ ਰਿਆਸਤ ਦਾ ਹਿੱਸਾ ਸੀ, ਨੂੰ ਬੇਜ਼ਮੀਨਿਆਂ ਵਿੱਚ ਵੰਡਣ ਲਈ ਬੀਤੇ ਲੰਮੇਂ ਸਮੇਂ ਤੋਂ ਮੁਹਿੰਮ ਛੇੜੀ ਹੋਈ ਹੈ। ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਇਹ ਸਵੀਕਾਰ ਨਹੀਂ ਹੈ ਕਿ ਬੇਜ਼ਮੀਨੇ ਮਜ਼ਦੂਰ ਆਪਣੇ ਸੰਵਿਧਾਨਕ ਹੱਕ ਦੀ ਮੰਗ ਕਰਨ, ਇਸ ਲਈ ਪੰਜਾਬ ਸਰਕਾਰ ਇੰਨ੍ਹਾਂ ਲੋਕਾਂ ਦੇ ਇਸ ਜ਼ਮਹੂਰੀ ਸੰਘਰਸ਼ ਨੂੰ ਪੁਲਿਸ ਜ਼ਬਰ ਰਾਹੀ ਕੁਚਲਣ ਰਾਹ ਤੁਰੀ ਹੋਈ ਹੈ। ਇਸੇ ਤਹਿਤ ਹੀ ਲਗਭਗ 100 ਔਰਤਾਂ ਸਮੇਤ 300 ਤੋਂ ਵਧੇਰੇ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਕੇ ਮਾਲਵੇ ਦੇ ਵੱਖ-ਵੱਖ ਸ਼ਹਿਰਾਂ ਦੀਆਂ ਜੇਲ੍ਹਾਂ ਵਿੱਚ ਭੇਜਿਆ ਗਿਆ ਹੈ।

ਡੀ.ਟੀ.ਐੱਫ. ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜ਼ਿਲ੍ਹਾ ਸਕੱਤਰ ਅਮਨ ਵਿਸ਼ਿਸ਼ਟ ਅਤੇ ਵਿੱਤ ਸਕੱਤਰ ਕਮਲਜੀਤ ਸਿੰਘ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਪਾਰਟੀ ਦੀ ਹਾਰ ਮਗਰੋਂ ਪੰਜਾਬ ਸਰਕਾਰ ਬੁਰੀ ਤਰ੍ਹਾਂ ਬੌਖਲਾ ਗਈ ਹੈ ਅਤੇ 20 ਮਈ ਨੂੰ ਬੇਗਮਪੁਰਾ ਵਸਾਉਣ ਲਈ ਬੀੜ ਐਸਵਾਨ (ਸੰਗਰੂਰ) ਜਾ ਰਹੇ ਜੱਥਿਆਂ ਨੂੰ ਪੁਲਿਸ ਵੱਲੋਂ ਰੋਕਾਂ ਖੜ੍ਹੀਆਂ ਕਰਕੇ ਰੋਕਣ, ਧੱਕਾਮੁੱਕੀ ਕਰਨ, ਔਰਤਾਂ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਗ੍ਰਿਫਤਾਰੀਆਂ ਨੇ ਦੱਸ ਦਿੱਤਾ ਹੈ ਕਿ ਆਪ ਸਰਕਾਰ ਕਿਸਾਨਾਂ ਮਗਰੋਂ ਹੁਣ ਜ਼ਮੀਨੋ ਵਿਹੂਣੇ ਲੋਕਾਂ ਦੇ ਸੰਘਰਸ਼ ਨੂੰ ਵੀ ਜ਼ਬਰ ਦੇ ਜ਼ੋਰ ਕੁਚਲਣ ਦੇ ਰਾਹ ਪੈ ਗਈ ਹੈ। ਆਗੂਆਂ ਨੇ ਅੱਗੇ ਕਿਹਾ ਕਿ ਸਦੀਆਂ ਤੋਂ ਦਬਾਏ ਹੋਏ ਤੇ ਲਤਾੜੇ ਅਤੇ ਬੇਜ਼ਮੀਨੇ ਲੋਕਾਂ ਦੀ ਆਵਾਜ ਚੁੱਕਣ ਕਰਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਦਬਾਉਣਾ ਪੰਜਾਬ ਸਰਕਾਰ ਦੇ ਦਲਿਤ, ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਪਰਦ ਕਰਦਾ ਹੈ, ਜਿਸਦਾ ਭੁਗਤਾਨ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਕਰਨਾ ਪਵੇਗਾ।

# 24 ਮਈ ਨੂੰ ਹੋਵੇਗਾ ਕੌਮੀ ਲੋਕ ਅਦਾਲਤ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 22 ਮਈ, 2025: ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਸ੍ਰੀ ਦੀਪਕ ਸਿੱਬਲ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਜੀਆਂ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਮਾਨਯੋਗ ਚੇਅਰਮੈਨ ਸ੍ਰੀ ਮੁਨੀਸ਼ ਸਿੰਗਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਜੀਆਂ ਦੀ ਅਗਵਾਈ ਹੇਠ ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ ਅਤੇ ਮਲੇਰਕੋਟਲਾ ਅਤੇ ਸਬ. ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਮਿਤੀ 24 ਮਈ, 2025 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਮੈਡਮ ਦਲਜੀਤ ਕੌਰ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐਮ. ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਮਾਨਯੋਗ ਅਦਾਲਤਾਂ ਵਿੱਚ ਪੈਂਡਿੰਗ ਕਰੀਮੀਨਲ ਕੰਪਾਊਂਡੇਬਲ ਕੇਸ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਮੈਟਰੀਮੋਨੀਅਲ, ਲੇਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿੱਲਾਂ, ਪੇਅ ਅਲਾਊਂਸ, ਰੈਵਨਿਊ ਕੇਸ (ਜ਼ਿਲ੍ਹਾ ਅਤੇ ਹਾਈਕੋਰਟ ਕਚਹਿਰੀਆਂ ਵਿੱਚ ਪੈਂਡਿੰਗ) ਆਦਿ ਕੇਸ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਆਪਣੇ ਉਕਤ ਵਿਸ਼ਿਆਂ ਨਾਲ ਸਬੰਧਤ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹਨ ਉਹ ਸਬੰਧਤ ਮਾਨਯੋਗ ਅਦਾਲਤ ਵਿੱਚ ਜਿੱਥੇ ਉਨ੍ਹਾਂ ਦਾ ਕੇਸ ਚਲਦਾ ਹੈ, ਆਪਣੀ ਅਰਜ਼ੀ ਦੇ ਸਕਦੇ ਹਨ ਜਾਂ ਨਵੇਂ ਮਾਮਲਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ/ਕਮੇਟੀ ਦੇ ਦਫ਼ਤਰ ਵਿੱਚ ਆਪਣੀ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਲੋਕ ਇਸ ਕੌਮੀ ਲੋਕ ਅਦਾਲਤ ਵਿੱਚ ਆਪਣੇ ਸਬੰਧਤ ਕੇਸ ਲਗਾ ਕੇ ਨਿਪਟਾਰਾ ਕਰਵਾਉਣ। ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਫਾਇਦੇ ਬਾਰੇ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦਾ ਫ਼ੈਸਲਾ ਅੰਤਿਮ ਫ਼ੈਸਲਾ ਹੁੰਦਾ ਹੈ ਇਸ ਦੇ ਫ਼ੈਸਲੇ ਦੀ ਕਿਤੇ ਅਪੀਲ ਵੀ ਨਹੀਂ ਹੁੰਦੀ ਹੈ ਅਤੇ ਕੇਸ ਦਾ ਸਥਾਈ ਹੱਲ ਹੋ ਜਾਂਦਾ ਹੈ। ਲੋਕ ਅਦਾਲਤ ਵਿੱਚ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤਾਂ ਦੇ ਫ਼ੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ।

ਇਸ ਦੇ ਨਾਲ ਹੀ ਜੱਜ ਸਾਹਿਬ ਨੇ ਦੱਸਿਆ ਕਿ ਕਾਨੂੰਨੀ ਸਹਾਇਤਾ ਲੈਣ ਲਈ ਅਤੇ ਲੋਕ ਅਦਾਲਤਾਂ ਬਾਰੇ ਵਧੇਰੇ ਜਾਣਕਾਰੀ ਹਿੱਤ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 ਜਾਂ ਸਿੱਧੇ ਤੌਰ ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਮਝੌਤਾ ਸਦਨ, ਸੰਗਰੂਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਿਕਾਇਤਕਰਤਾ ਦਾ ਦੋਸ਼, ਅਨੁਸੂਚਿਤ ਜਾਤੀ ਭਾਈਚਾਰੇ ਦੇ ਵਿਅਕਤੀਆਂ ਨੂੰ ਸੁਰੱਖਿਆ ਗੀਅਰ ਜਾਂ ਮਸ਼ੀਨੀ ਸਹਾਇਤਾ ਤੋਂ ਬਿਨਾਂ ਸੀਵਰੇਜ ਅਤੇ ਮੈਨਹੋਲ ਹੱਥੀਂ ਸਾਫ਼ ਕਰਨ ਲਈ ਮਜਬੂਰ ਕੀਤਾ ਗਿਆ

## ਮਨੁੱਖੀ ਜੀਵਨ ਨੂੰ ਖਤਰੇ ਵਿੱਚ ਪਾਉਣ ਲਈ 2013 ਦੇ ਐਕਟ, SC/ST ਅੱਤਿਆਚਾਰ ਐਕਟ ਤਹਿਤ (FIRs) ਦਰਜ ਕੀਤੀ ਜਾਵੇ। “ਸਫਾਈ ਕਰਮਚਾਰੀ ਅੰਦੋਲਨ ਬਨਾਮ ਭਾਰਤ ਸੰਘ” ਕੇਸ 2014 ਦੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਲਾਜ਼ਮੀ ਤੌਰ ‘ਤੇ ਹਰੇਕ ਪੀੜਤ ਨੂੰ ₹10,00,000 ਦਾ ਮੁਆਵਜ਼ਾ ਦਿੱਤਾ ਜਾਵੇ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ- ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ (NCSK) ਨੇ ਬਿਹਾਰ ਦੇ ਪਟਨਾ ਵਿੱਚ ਜ਼ਬਰਦਸਤੀ ਹੱਥੀਂ ਮੈਲਾ ਢੋਹਣ ਦੀ ਇੱਕ ਘਟਨਾ ਸੰਬੰਧੀ ਇੱਕ ਗੰਭੀਰ ਸ਼ਿਕਾਇਤ ਦਾ ਆਪਣੇ ਆਪ ਨੋਟਿਸ ਲਿਆ ਹੈ, ਜਿਸ ਵਿੱਚ ਹੱਥੀਂ ਮੈਲਾ ਢੋਹਣ ਵਾਲਿਆਂ ਵਜੋਂ ਰੁਜ਼ਗਾਰ ਦੀ ਮਨਾਹੀ ਅਤੇ ਉਨ੍ਹਾਂ ਦੇ ਪੁਨਰਵਾਸ ਐਕਟ, 2013, ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰਾਂ ਦੀ ਰੋਕਥਾਮ) ਐਕਟ, 1989 ਦੀਆਂ ਚੱਲ ਰਹੀਆਂ ਉਲੰਘਣਾਵਾਂ ਨੂੰ ਉਜਾਗਰ ਕੀਤਾ ਗਿਆ ਹੈ।

ਸ਼ੁਭਮ ਕੁਮਾਰ ਦੁਆਰਾ 10 ਮਈ ਨੂੰ NCSK ਔਨਲਾਈਨ ਪੋਰਟਲ (ਸ਼ਿਕਾਇਤ ਨੰਬਰ 102574) ਰਾਹੀਂ ਦਰਜ ਕਰਵਾਈ ਗਈ ਸ਼ਿਕਾਇਤ, 28 ਅਪ੍ਰੈਲ ਨੂੰ ਚਾਂਦਮਾਰੀ ਰੋਡ, ਕੰਕਰਬਾਗ, ਮਿੱਠਾਪੁਰ ਵਿਖੇ ਵਾਪਰੀ ਇੱਕ ਘਟਨਾ ਨਾਲ ਸਬੰਧਤ ਹੈ। ਸ਼ਿਕਾਇਤਕਰਤਾ ਦਾ ਦੋਸ਼ ਹੈ ਕਿ ਅਨੁਸੂਚਿਤ ਜਾਤੀ ਭਾਈਚਾਰੇ ਦੇ ਵਿਅਕਤੀਆਂ ਨੂੰ, ਸੰਭਾਵਤ ਤੌਰ ‘ਤੇ ਸੁਰੱਖਿਆ ਉਪਕਰਣ ਜਾਂ ਮਸ਼ੀਨੀ ਸਹਾਇਤਾ ਤੋਂ ਬਿਨਾਂ ਸੀਵਰੇਜ ਅਤੇ ਮੈਨਹੋਲ ਸਾਫ਼ ਕਰਨ ਲਈ ਮਜਬੂਰ ਕੀਤਾ ਗਿਆ ਸੀ। ਇਹ ਐਕਟ 2013 ਦੇ ਐਕਟ ਦੀ ਸਿੱਧੀ ਉਲੰਘਣਾ ਹੈ, ਜੋ ਹੱਥੀਂ ਮੈਲਾ ਢੋਹਣ ‘ਤੇ ਪਾਬੰਦੀ ਲਗਾਉਂਦਾ ਹੈ ਅਤੇ ਸੀਵਰਾਂ ਅਤੇ ਸੈਪਟਿਕ ਟੈਂਕਾਂ ਦੀ ਮਸ਼ੀਨੀ ਸਫਾਈ ਨੂੰ ਲਾਜ਼ਮੀ ਬਣਾਉਂਦਾ ਹੈ, ਨਾਲ ਹੀ ਭਾਰਤ ਦੇ ਸੰਵਿਧਾਨ ਦੇ ਅਨੁਛੇਦ 17 (ਛੂਤਛਾਤ ਦਾ ਖਾਤਮਾ) ਅਤੇ 21 (ਜੀਵਨ ਅਤੇ ਨਿੱਜੀ ਆਜ਼ਾਦੀ ਦੀ ਸੁਰੱਖਿਆ) ਨੂੰ ਵੀ ਲਾਜ਼ਮੀ ਬਣਾਉਂਦਾ ਹੈ।




ਬਿਹਾਰ ਦੇ ਨੌਜਵਾਨਾਂ ਦੀ NCSK ਨੂੰ ਔਨਲਾਈਨ ਸ਼ਿਕਾਇਤ ਤੇ ਪਟਨਾ ਹੱਥੀਂ ਮੈਲਾ ਢੋਹਣ ਦੇ ਮਾਮਲੇ ‘ਤੇ ਖੁਦ ਕਾਰਵਾਈ ਕਰਨ ਲਈ ਪ੍ਰੇਰਿਤ ਕੀਤਾ, DM ਨੂੰ ਜਾਂਚ ਲਈ ਨਿਰਦੇਸ਼ ਦਿੱਤੇ

**ਸ਼ਿਕਾਇਤਕਰਤਾ ਨੇ ਕਈ ਰਾਹਤਾਂ ਦੀ ਮੰਗ ਕੀਤੀ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:**

1. ਧਾਰਾ 17 ਦੇ ਤਹਿਤ 2013 ਦੇ ਐਕਟ ਦੀ ਉਲੰਘਣਾ ਅਤੇ ਜਾਤੀ-ਅਧਾਰਤ ਵਿਤਕਰੇ ਦੀ ਤੁਰੰਤ ਜਾਂਚ ਕੀਤੀ ਜਾਵੇ।
2. ਮਨੁੱਖੀ ਜੀਵਨ ਨੂੰ ਖਤਰੇ ਵਿੱਚ ਪਾਉਣ ਲਈ 2013 ਦੇ ਐਕਟ, SC/ST ਅੱਤਿਆਚਾਰ ਐਕਟ, ਅਤੇ ਭਾਰਤੀ ਦੰਡਾਵਲੀ (IPC) ਦੀਆਂ ਸੰਬੰਧਿਤ ਧਾਰਾਵਾਂ ਦੇ ਤਹਿਤ ਪਹਿਲੀ ਜਾਣਕਾਰੀ ਰਿਪੋਰਟਾਂ (FIRs) ਦਰਜ ਕੀਤੀ ਜਾਵੇ।
3. ਪੀੜਤਾਂ ਦੇ ਨਾਮ, ਸਮਾਜਿਕ ਸ਼੍ਰੇਣੀਆਂ ਅਤੇ ਰੁਜ਼ਗਾਰ ਸਥਿਤੀ ਦੀ ਪਛਾਣ ਕੀਤੀ ਜਾਵੇ।
4. “ਸਫਾਈ ਕਰਮਚਾਰੀ ਅੰਦੋਲਨ ਬਨਾਮ ਭਾਰਤ ਸੰਘ” ਕੇਸ 2014 ਦੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਲਾਜ਼ਮੀ ਤੌਰ ‘ਤੇ ਹਰੇਕ ਪੀੜਤ ਨੂੰ ₹10,00,000 ਦਾ ਮੁਆਵਜ਼ਾਦਿੱਤਾ ਜਾਵੇ।
5. ਪਟਨਾ ਨਗਰ ਨਿਗਮ (PMC) ਅਤੇ ਨਿਗਰਾਨੀ ਅਧਿਕਾਰੀਆਂ ਦੇ ਜ਼ਿੰਮੇਵਾਰ ਅਧਿਕਾਰੀਆਂ ‘ਤੇ ਘਟਨਾ ਨੂੰ ਰੋਕਣ ਵਿੱਚ ਅਸਫਲ ਰਹਿਣ ਲਈ ਮੁਕੱਦਮਾ ਦਰਜ ਕੀਤਾ ਜਾਵੇ।
6. ਜੇਕਰ FIRs ਦਰਜ ਨਹੀਂ ਕੀਤੀਂ ਜਾਂਦੀ ਤਾਂ ਇੱਕ ਜਾਇਜ਼ ਲਿਖਤੀ ਕਾਰਨ ਦੱਸਿਆ ਜਾਵੇ।

ਸ਼ਿਕਾਇਤ ਦਾ ਸਮਰਥਨ ਚਾਰ ਟਾਈਮਸਟੈਂਪਡ, ਜੀਓ-ਟੈਗ ਕੀਤੀਆਂ ਤਸਵੀਰਾਂ ਦੁਆਰਾ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਵਿਅਕਤੀਆਂ ਨੂੰ ਮਨੁੱਖੀ ਰਹਿੰਦ-ਖੂੰਹਦ ਨੂੰ ਸੰਭਾਲਦੇ ਅਤੇ ਸੁਰੱਖਿਆ ਉਪਕਰਣਾਂ ਤੋਂ ਬਿਨਾਂ ਮੈਨਹੋਲ ਖੋਲ੍ਹਦੇ ਦਿਖਾਇਆ ਗਿਆ ਹੈ, ਜੋ ਕੰਮ ਦੀ ਖਤਰਨਾਕ ਅਤੇ ਅਣਮਨੁੱਖੀ ਪ੍ਰਕਿਰਤੀ ਨੂੰ ਉਜਾਗਰ ਕਰਦੇ ਹਨ।

ਸ਼ਿਕਾਇਤਕਰਤਾ ਨੇ ਚੇਤਾਵਨੀ ਦਿੱਤੀ ਹੈ ਕਿ ਕਾਰਵਾਈ ਕਰਨ ਵਿੱਚ ਅਸਫਲ ਰਹਿਣ ‘ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ NCSK, ਬਿਹਾਰ ਰਾਜ ਅਤੇ PMC ਵਿਰੁੱਧ ਮਾਣਹਾਨੀ ਪਟੀਸ਼ਨ ਦਾਇਰ ਕਰਨਾ ਸ਼ਾਮਲ ਹੈ, ਨਾਲ ਹੀ ਸੰਵਿਧਾਨ ਦੇ ਅਨੁਛੇਦ 226 ਅਤੇ 215 ਦੇ ਤਹਿਤ ਪਟਨਾ ਹਾਈ ਕੋਰਟ ਤੱਕ ਪਹੁੰਚ ਕਰਨਾ ਸ਼ਾਮਲ ਹੈ।

NCSK ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ, 2019 ਦੇ ਪ੍ਰਕਿਰਿਆ ਨਿਯਮਾਂ ਅਤੇ 2013 ਐਕਟ ਦੀ ਧਾਰਾ 31 ਦੇ ਤਹਿਤ ਆਪਣੇ ਆਦੇਸ਼ ਦੀ ਮੰਗ ਕੀਤੀ ਹੈ, ਜੋ ਕਮਿਸ਼ਨ ਨੂੰ ਐਕਟ ਦੇ ਲਾਗੂਕਰਨ ਦੀ ਨਿਗਰਾਨੀ ਕਰਨ ਅਤੇ ਗੈਰ-ਪਾਲਣਾ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਦਾ ਅਧਿਕਾਰ ਦਿੰਦਾ ਹੈ।

19 ਮਈ 2025 ਨੂੰ ਪਟਨਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਡਾ. ਚੰਦਰਸ਼ੇਖਰ ਸਿੰਘ ਨੂੰ ਲਿਖੇ ਇੱਕ ਪੱਤਰ (ਡੀਓ ਨੰਬਰ 11059/50/7/13/20-ਆਰਏਡੀ) ਵਿੱਚ, ਐਨਸੀਐਸਕੇ ਨੇ ਘਟਨਾ ਦੀ ਤੁਰੰਤ ਜਾਂਚ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੇ 15 ਦਿਨਾਂ ਦੇ ਅੰਦਰ ਇੱਕ ਵਿਸਤ੍ਰਿਤ ਐਕਸ਼ਨ ਟੇਕਨ ਰਿਪੋਰਟ (ਏਟੀਆਰ) ਦੀ ਬੇਨਤੀ ਕੀਤੀ ਹੈ, ਜੋ ਕਿ ਇੱਕ ਨਿਰਧਾਰਤ ਫਾਰਮੈਟ ਵਿੱਚ ਜਮ੍ਹਾ ਕੀਤੀ ਜਾਵੇ, ਜਿਸ ਵਿੱਚ ਮੈਨੂਅਲ ਸਕੈਵੇਂਜਰ ਰੀਹੈਬਲੀਟੇਸ਼ਨ ਰੂਲਜ਼, 2013 ਅਤੇ ਐਸਸੀ/ਐਸਟੀ (ਪ੍ਰੀਵੈਂਸ਼ਨ ਆਫ ਐਟ੍ਰੋਸਿਟੀਜ਼) ਰੂਲਜ਼, 2016 ਦੇ ਅਨੁਸਾਰ ਪੀੜਤਾਂ ਨੂੰ ਦਿੱਤੇ ਗਏ ਮੁਆਵਜ਼ੇ ਦੇ ਵੇਰਵੇ ਸ਼ਾਮਲ ਹਨ। ਪੱਤਰ ਦੀ ਇੱਕ ਕਾਪੀ ਅਗਲੇਰੀ ਕਾਰਵਾਈ ਲਈ ਬਿਹਾਰ ਦੇ ਮੁੱਖ ਸਕੱਤਰ ਨੂੰ ਵੀ ਭੇਜੀ ਗਈ ਹੈ।

# ਪੰਜਾਬ ਸਿੱਖਿਆ ਕ੍ਰਾਂਤੀ: ਮਾਨ ਸਰਕਾਰ ਵੱਲੋਂ ਸਿੱਖਿਆ ‘ਚ ਕਿਤੇ ਸੁਧਾਰ ਵਿਦਿਆਰਥੀਆਂ ਦੇ ਨਤੀਜਿਆਂ ਦਾ ਦਿੱਖਣ ਲੱਗੇ : ਡਾ. ਬਲਬੀਰ ਸਿੰਘ

## -ਸਿੱਖਿਆ ਦੇ ਖੇਤਰ ‘ਚ ਕਿੱਤਾ ਸੁਧਾਰ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਕਰਨਗੇ : ਸਿਹਤ ਮੰਤਰੀ,.-ਤਫ਼ਜ਼ੱਲਪੁਰਾ, ਪਿੰਡ ਰੋੜਗੜ੍ਹ, ਰੋਹਟੀ ਖਾਸ ਤੇ ਰਾਮਗੜ੍ਹ ਛੰਨਾ ਦੇ ਸਰਕਾਰੀ ਸਕੂਲਾਂ ‘ਚ ਹੋਏ ਵਿਕਾਸ ਕਾਰਜ ਕੀਤੇ ਵਿਦਿਆਰਥੀਆਂ ਨੂੰ ਸਮਰਪਿਤ, -ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਰਕਾਰੀ ਪ੍ਰਾਇਮਰੀ ਸਕੂਲ ਤਫ਼ਜ਼ੱਲਪੁਰਾ ਵਿਖੇ ਕਲਾਸ ਰੂਮ ਸਮਰਪਿਤ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਨਾਭਾ, ਪਟਿਆਲਾ 22 ਮਈ:ਬਾਂਗਾ/ਬੇਅੰਤ ਸਿੰਘ ਰੋਹਟੀ ਖਾਸ)

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿਛਲੇ ਤਿੰਨ ਸਾਲਾ ਦੌਰਾਨ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਸਮੇਤ ਅਧਿਆਪਕਾਂ ਦੀ ਨਵੀਂ ਭਰਤੀ ਤੇ ਵਿਦੇਸ਼ ‘ਚ ਟਰੇਨਿੰਗ ਵਰਗੀਆਂ ਪਹਿਲਕਦਮੀ ਕੀਤੀਆਂ ਹਨ, ਜੋ ਹੁਣ ਵਿਦਿਆਰਥੀਆਂ ਦੇ ਚੰਗੇ ਨਤੀਜਿਆਂ ਦੇ ਰੂਪ ਵਿੱਚ ਸਭ ਦੇ ਸਾਹਮਣੇ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਆਏ 10ਵੀਂ ਅਤੇ 12ਵੀਂ ਜਮਾਤ ਦੇ ਸ਼ਾਨਦਾਰ ਨਤੀਜੇ ਦਰਸਾਉਂਦੇ ਹਨ ਕਿ ਸੂਬਾ ‘ਰੰਗਲਾ ਪੰਜਾਬ’ ਬਣਨ ਵੱਲ ਵਧ ਰਿਹਾ ਹੈ, ਜਿਸ ਵਿੱਚ ਨੌਜਵਾਨ ਫੈਸਲਾਕੁੰਨ ਭੂਮਿਕਾ ਨਿਭਾ ਰਹੇ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਦੋ ਹਜ਼ਾਰ ਕਰੋੜ ਰੁਪਏ ਖਰਚੇ ਗਏ ਹਨ, ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹੁਣ ਪੜ੍ਹਨ ਲਈ ਅਤਿ ਆਧੁਨਿਕ ਸਹੂਲਤਾਂ ਮਿਲਣ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਕੂਲਾਂ ਨੂੰ ਮਿਲੀਆਂ ਸਹੂਲਤਾਂ ਸਦਕਾ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਅਤੇ ਪੇਂਡੂ ਇਲਾਕਿਆਂ ਦੇ







ਫੋਟੋ : ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਸਰਕਾਰੀ ਸਕੂਲਾਂ ’ਚ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਦੇ ਹੋਏ।

ਸਕੂਲਾਂ ਦੀ ਪਾਸ ਪ੍ਰਤੀਸ਼ਤ 96.09 ਫ਼ੀਸਦੀ ਰਹੀ ਹੈ।

ਤਫ਼ਜ਼ੱਲਪੁਰਾ, ਪਿੰਡ ਰੋੜਗੜ੍ਹ, ਰੋਹਟੀ ਖਾਸ ਤੇ ਰਾਮਗੜ੍ਹ ਛੰਨਾ ਦੇ ਸਰਕਾਰੀ ਸਕੂਲਾਂ ‘ਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਪੁੱਜੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਬਿਜ਼ਨਸ ਬਲਾਸਟਰ ਤਹਿਤ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਮਾਡਲ, ਖਾਣਾ, ਸਜਾਵਟੀ ਸਾਮਾਨ ਆਦਿ ਨੂੰ ਦੇਖਣ ਉਪਰੰਤ ਕਿਹਾ ਕਿ ਵਿਦਿਆਰਥੀਆਂ ਵੱਲੋਂ ਤਿਆਰ ਸਾਮਾਨ ਆਲਾ ਦਰਜੇ ਦਾ ਹੈ ਤੇ ਬਿਜ਼ਨਸ ਬਲਾਸਟਰ ਸਕੀਮ ਆਉਣ ਵਾਲੇ ਸਮੇਂ ‘ਚ ਨਵੇਂ ਉਦਮੀ ਪੈਦਾ ਕਰੇਗੀ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ, ਸਕੂਲ ਆਫ਼ ਹੈਪੀਨੈਸ ਅਤੇ ਸਕੂਲ ਆਫ਼ ਬ੍ਰਿਲੀਐਂਸ ਦੀ ਕੀਤੀ ਸ਼ੁਰੂਆਤ ਨੂੰ ਸਿੱਖਿਆ ਦੇ ਖੇਤਰ ‘ਚ ਨਵੇਂ ਯੁੱਗ ਦਾ ਆਗਾਜ਼ ਦੱਸਿਆ। ਵਿਕਾਸ ਕਾਰਜਾਂ ਦੇ ਉਦਘਾਟਨ ਮੌਕੇ ਡਾ. ਬਲਬੀਰ ਸਿੰਘ ਨੇ ਸਰਕਾਰੀ ਪ੍ਰਾਇਮਰੀ ਸਕੂਲ ਤਫੱਜਲਪੁਰਾ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਤਿਆਰ ਕੀਤਾ ਕਲਾਸ ਰੂਮ ਵਿਦਿਆਰਥੀਆਂ ਨੂੰ ਸਮਰਪਿਤ ਕੀਤਾ।

ਡਾ. ਬਲਬੀਰ ਸਿੰਘ ਨੇ ਵਿਰੋਧੀਆਂ ‘ਤੇ ਤਨਜ਼ ਕਸਦਿਆਂ ਕਿਹਾ ਕਿ ਸਰਕਾਰੀ ਸਕੂਲਾਂ ‘ਚ ਕਿਤੇ ਜਾਣ ਵਾਲੇ ਉਦਘਾਟਨਾਂ ‘ਤੇ ਬਿਆਨ ਦੇਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਸਰਕਾਰ ‘ਚ ਜੇਕਰ ਇਹ ਕੰਮ ਹੋਏ ਹੁੰਦੇ ਤਾਂ ਸਿੱਖਿਆ ਦਾ ਮਿਆਰ ਪਹਿਲਾ ਹੀ ਉੱਚਾ ਹੋ ਜਾਣਾ ਸੀ ਤੇ ਸਾਨੂੰ ਆਜ਼ਾਦੀ ਦੇ 77 ਸਾਲ ਬਾਅਦ ਅਜਿਹੇ ਉਦਘਾਟਨ ਕਰਨ ਦੀ ਲੋੜ ਨਾ ਰਹਿਣੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਤਿੰਨ ਸਾਲਾ ਅੰਦਰ 20 ਹਜ਼ਾਰ ਅਧਿਆਪਕਾਂ ਨੂੰ ਭਰਤੀ ਕੀਤਾ ਹੈ ਤੇ 12 ਹਜ਼ਾਰ ਕੱਚੇ ਅਧਿਆਪਕ ਪੱਕੇ ਕੀਤੇ ਗਏ ਹਨ ਅਤੇ ਅਧਿਆਪਕਾਂ ਨੂੰ ਕੌਮਾਂਤਰੀ ਪੱਧਰ ਦੀ ਟਰੇਨਿੰਗ ਦੇਣ ਲਈ ਵਿਦੇਸ਼ ਵੀ ਭੇਜਿਆ ਜਾ ਰਿਹਾ ਹੈ।

ਇਸ ਮੌਕੇ ਐਸ.ਡੀ.ਐਮ. ਡਾ. ਇਸਮਤ ਵਿਜੈ ਸਿੰਘ, ਹੰਸ ਰਾਜ ਨਾਗਪਾਲ, ਡਿਪਟੀ ਡੀ.ਓ ਮਨਵਿੰਦਰ ਕੌਰ ਭੁੱਲਰ, ਰੁਪਾਲੀ ਗਰਗ, ਨਵਦੀਪ ਸ਼ਰਮਾ, ਅਮਰੀਕ ਸਿੰਘ, ਜਸਵਿੰਦਰ ਸਿੰਘ, ਮਨਿੰਦਰ ਸਿੰਘ, ਗੁਰਦੀਪ ਸਿੰਘ ਦਿੱਤੂਪੁਰ, ਪ੍ਰਿੰਸੀਪਲ ਜਸਪਾਲ ਸਿੰਘ, ਮੀਨਾ ਰਾਣੀ, ਸੁਖਵਿੰਦਰ ਕੌਰ ਰਜਿੰਦਰ ਕੌਰ ਸਮੇਤ ਵੱਡੀ ਗਿਣਤੀ ਮਾਪੇ, ਵਿਦਿਆਰਥੀ ਅਤੇ ਅਧਿਆਪਕ ਮੌਜੂਦ ਸਨ।

**ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਪਿੰਡ ਰੋਹਟੀ ਖਾਸ ਵਿਖੇ ਨਵੇਂ ਬਣੇ ਅੱਡੇ ਦਾ ਉਦਘਾਟਨ ਵੀ ਕੀਤਾ। ਪਿੰਡ ਦੀ ਪੰਚਾਇਤ ਤੇ ਈ.ਡਬਲਿਊ.ਐਸ ਦੇ ਚੇਅਰਮੈਨ ਹੰਸ ਰਾਜ ਨਾਗਪਾਲ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ ਬੱਸ ਅੱਡਾ ਰੋਹਟੀ ਖਾਸ ਸਮੇਤ ਆਲੇ ਦੁਆਲੇ ਦੇ ਪਿੰਡਾਂ ਨੂੰ ਵੀ ਲਾਭ ਦੇਵੇਗਾ। ਇਸ ਉਪਰੰਤ ਸਿਹਤ ਮੰਤਰੀ ਵੱਲੋਂ ਪਿੰਡ ਰੋਹਟੀ ਖਾਸ ਵਿਖੇ ਵਿਕਸਤ ਕੀਤੇ ਗਏ ਵਾਤਾਵਰਣ ਪਾਰਕ ਦਾ ਦੌਰਾ ਕੀਤਾ ਗਿਆ ਅਤੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਪਾਰਕ ਵਿੱਚ ਹੋਰ ਰਵਾਇਤੀ ਬੂਟੇ ਲਗਾਉਣ ਤੇ ਬੱਚਿਆਂ ਦੇ ਖੇਡਣ ਲਈ ਗਰਾਊਂਡ ਵਿਕਸਤ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਸਰਪੰਚ ਜਸਵੀਰ ਸਿੰਘ ਸੀਰਾ, ਨੰਬਰਦਾਰ ਮਨਜਿੰਦਰ ਸਿੰਘ, ਰਾਮ ਸਿੰਘ, ਬਲਜੀਤ ਸਿੰਘ ਸੋਹੀ, ਦੀਪ ਸਿੰਘ ਸੋਨੀ, ਤਰਸੇਮ ਸਿੰਘ, ਗੁਰਦੀਪ ਸਿੰਘ, ਜਤਿੰਦਰ ਕੌਰ ਤੇ ਮੇਜਰ ਸਿੰਘ ਵੀ ਮੌਜੂਦ ਸਨ।**

# ਬਸਪਾ ਜ਼ਿਲਾ ਪਟਿਆਲਾ ਵੱਲੋਂ ਨਸ਼ਿਆਂ ਖ਼ਿਲਾਫ਼ ਜਿਲਾ ਪੱਧਰੀ ਧਰਨਾ ਪ੍ਰਦਰਸ਼ਨ ਕਰਕੇ "ਪੰਜਾਬ ਸੰਭਾਲੋ ਮੁਹਿੰਮ ਤਹਿਤ" ਡੀ.ਸੀ. ਪਟਿਆਲਾ ਨੂੰ ਦਿੱਤਾ ਮੈਮੋਰੰਡਮ- ਬਲਦੇਵ ਮਹਿਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਪਟਿਆਲਾ ,ਜਗਤਾਰ ਸਿੰਘ ਰੋੜੇਵਾਲ --- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ ਤੇ ਬਸਪਾ ਜ਼ਿਲਾ ਪਟਿਆਲਾ ਵੱਲੋਂ "ਪੰਜਾਬ ਸੰਭਾਲੋ ਮੁਹਿੰਮ ਤਹਿਤ" ਮਜੀਠਾ ਚ' ਨਕਲੀ ਸ਼ਰਾਬ ਪੀਣ ਨਾਲ 27 ਮੌਤਾਂ ਅਤੇ ਪੰਜਾਬ 'ਚ ਨਸ਼ਿਆਂ ਨਾਲ ਵੱਡੇ ਪੱਧਰ ਤੇ ਹੋ ਰਹੀਆਂ ਮੌਤਾਂ ਦੇ ਵਿਰੋਧ ਵਿਚ ਪਟਿਆਲਾ ਵਿਖੇ ਧਰਨਾ ਪ੍ਰਦਰਸ਼ਨ ਕਰਕੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਰਾਜਪਾਲ ਦੇ ਨਾਂ ਮੰਗ ਪੱਤਰ ਸੌਂਪਿਆ।ਇਸ ਧਰਨਾ ਪ੍ਰਦਰਸ਼ਨ ਦੀ ਅਗਵਾਈ ਬਲਦੇਵ ਸਿੰਘ ਮਹਿਰਾ ਜਰਨਲ ਸਕੱਤਰ ਪੰਜਾਬ , ਜੋਗਾ ਸਿੰਘ ਪਨੋਦੀਆਂ ਸੂਬਾ ਜਨਰਲ ਸਕੱਤਰ ਤੇ ਜੋਨ ਇੰਚਾਰਜ ਪਟਿਆਲਾ ਅਤੇ ਮੇਜਰ ਸਿੰਘ ਟਿੱਬੀ ਜ਼ਿਲਾ ਪ੍ਰਧਾਨ ਨੇ ਸਾਂਝੇ ਤੋਰ ਤੇ ਕੀਤੀ। ਧਰਨਾ ਪ੍ਰਦਰਸ਼ਨ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ *ਮਜੀਠਾ ਹਲਕੇ ਦੇ ਵੱਖ ਵੱਖ ਪਿੰਡਾਂ ਅੰਦਰ ਨਕਲੀ ਤੇ ਜਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ 27 ਮੌਤਾਂ ਹੋ ਚੁੱਕੀਆਂ ਹਨ,ਆਏ ਦਿਨ ਹੋਰ ਘਾਤਕ ਨਸ਼ਿਆਂ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਅਤੇ ਸਰਕਾਰ ਦੀ ਨਸ਼ਿਆਂ ਵਿਰੁੱਧ ਨਾਕਾਮੀ।

ਜਿਵੇਂ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਪੰਜਾਬ ਦੀਆਂ ਆਮ ਚੋਣਾਂ ਸਮੇਂ ਪੰਜਾਬ ਦੇ ਲੋਕਾਂ ਨਾਲ ਬਹੁਤ ਸਾਰੇ ਵਾਅਦੇ ਹੀ ਨਹੀਂ ਕੀਤੇ ਸਗੋਂ ਗ੍ਰੰਟੀਆਂ ਦਿੱਤੀਆਂ ਸਨ। ਚੋਣ ਮਨੋਰਥ ਪੱਤਰ ਰਾਹੀਂ ਪੰਜਾਬ ਦੇ ਲੋਕਾਂ ਸਾਹਮਣੇ ਬਹੁਤ ਹੀ ਲੋਕ ਲੁਭਾਵਣੇ ਵਿਸ਼ੇ ਵੀ ਰੱਖੇ ਸਨ।

ਜਿਨਾਂ ਵਿੱਚੋਂ ਨਸ਼ਿਆਂ ਵਿਰੁੱਧ ਪਹਿਲਾਂ ਦੀਆਂ ਰਹਿ ਚੁੱਕੀਆਂ ਸਰਕਾਰਾਂ ਵੱਲੋਂ ਕੀਤੇ ਵਾਅਦੇ ਜੋ ਨਿਰਾ ਝੂਠ ਦਾ ਪਲੰਦਾ ਹੀ ਸਾਬਤ ਹੋਏ ਤੋਂ ਇਲਾਵਾ ਕੁਝ ਨਹੀਂ ਸਨ। ਮੌਜੂਦਾ ਸਰਕਾਰ ਵੱਲੋਂ ਵੀ ਨਵੇਂ ਢੰਗ ਨਾਲ ਇਸ ਵਿਸ਼ੇ ਤੇ ਇਕੱਲਾ ਵਾਅਦਾ ਹੀ ਨਹੀਂ ਕੀਤਾ ਸਗੋਂ ਗਰੰਟੀ ਦਿੱਤੀ ਗਈ ਸੀ ਕਿ ਸਾਡੀ ਸਰਕਾਰ ਬਣਨ ਤੇ ਨਸ਼ੇ ਨੂੰ 3 ਮਹੀਨੇ ਦੇ ਸਮੇਂ ਅੰਦਰ ਪੂਰਣ ਰੂਪ 'ਚ ਖ਼ਤਮ ਕਰ ਦਿੱਤਾ ਜਾਵੇਗਾ।

ਪੰਜਾਬ ਦੇ ਲੋਕਾਂ ਵਲੋਂ ਇਨ੍ਹਾਂ ਦੀਆਂ ਗਰੰਟੀਆਂ ਤੇ ਵਿਸ਼ਵਾਸ਼ ਕਰਦੇ ਹੋਏ 92 ਵਿਧਾਇਕ ਜਿਤਾ ਕੇ ਬਹੁਤ ਵੱਡਾ ਫਤਵਾ ਦਿੱਤਾ।

ਪਰ 12/13 ਮਈ, 2025 ਨੂੰ ਹਲਕਾ ਮਜੀਠਾ ਵਿਚ ਪੈਂਦੇ ਨਾਲ ਲੱਗਦੇ 7 ਪਿੰਡਾਂ ਵਿੱਚ ਨਕਲੀ ਤੇ ਜਹਿਰੀਲੀ ਸ਼ਰਾਬ ਪੀਣ ਨਾਲ ਉਸੇ ਦਿਨ ਸ਼ਾਮ ਤੱਕ 17 ਲੋਕਾਂ ਦੀ ਮੌਤ ਦੀ ਪੁਸ਼ਟੀ ਸਰਕਾਰੀ ਤੰਤਰ ਵੱਲੋਂ ਕਰ ਦਿੱਤੀ ਕੀਤੀ ਗਈ ਸੀ। ਜੋ ਹੁਣ ਤੱਕ ਇਲਾਜ ਕਰਵਾ ਰਹੇ ਹੋਰਾਂ ਵਿੱਚੋਂ 10 ਦੀ ਮੌਤ ਦੀ ਪੁਸ਼ਟੀ ਹੋਣ ਤੋਂ ਬਾਅਦ ਇਹ ਅੰਕੜਾ 27 ਤੇ ਜਾ ਪਹੁੰਚਿਆ ਹੈ।





ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਪੰਜਾਬ ਦੇ ਲੋਕਾਂ ਪ੍ਰਤੀ ਆਪਣੀ ਜਿੰਮੇਵਾਰੀ ਸਮਝਦਿਆਂ ਮੌਜੂਦਾ ਸਰਕਾਰ ਦੀ ਹਰ ਵਿਸ਼ੇ ਤੇ ਨਾਕਾਮੀ ਕਾਰਨ ਪੰਜਾਬ ਦੀ ਪ੍ਰਗਤੀ, ਲੋਕਾਂ ਦੀ ਜਾਨ ਮਾਲ ਦੀ ਰਾਖੀ ਅਤੇ ਦਿਨੋਂ ਦਿਨ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ ਤੇ ਸਰਕਾਰ ਨੂੰ ਉਤਰਦਾਈ ਬਣਾਉਣ ਲਈ ਪੰਜਾਬ ਸੂਬੇ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਆਪਣੀ ਟੀਮ ਦੇ ਨਾਲ ਉਸੇ ਦਿਨ ਜਿੱਥੇ ਮਜੀਠਾ ਦੇ ਇਹਨਾਂ ਪਿੰਡਾਂ ਵਿੱਚ ਇਸ ਦਰਦਨਾਕ ਘਟਨਾਕ੍ਰਮ ਦਾ ਸ਼ਿਕਾਰ ਹੋਏ ਪਰਿਵਾਰਾਂ ਨੂੰ ਮਿਲੇ ਤੇ ਉਹਨਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਨਾਲ ਹੀ ਪ੍ਰਸ਼ਾਸਨ ਅਤੇ ਸਰਕਾਰ ਤੋਂ ਹੇਠ ਲਿਖੇ ਅਨੁਸਾਰ ਬਿੰਦੂਆਂ ਨੂੰ ਕੇਂਦਰਿਤ ਕਰਕੇ ਮੰਗ ਵੀ ਕੀਤੀ ਗਈ:

1. ਹਾਲਾਤਾਂ ਦੀ ਗੰਭੀਰਤਾ ਅਨੁਸਾਰ ਦੋਸ਼ੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਐਫਆਈਆਰ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ।

2. ਪੂਰੇ ਤੰਤਰ ਦੀ ਪਾਜ ਖੋਲਣ ਲਈ ਅਤੇ ਹੋਰ ਸੰਬੰਧਿਤ ਧਿਰਾਂ ਜਾਂ ਵਿਅਕਤੀਆਂ ਨੂੰ ਨਾਮਜਦ ਕਰਕੇ ਮਿਸਾਲੀ ਸਜਾਵਾਂ ਦਿੱਤੀਆਂ ਜਾ ਸਕਣ, ਇਸ ਲਈ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਵਿਸ਼ੇਸ਼ ਅਧਿਕਾਰਾਂ ਨਾਲ ਲੈਸ ਕਮੇਟੀ ਦਾ ਗਠਨ ਕੀਤਾ ਜਾਵੇ।

3. ਹਰੇਕ ਮ੍ਰਿਤਕ ਦੇ ਪਰਿਵਾਰ ਨੂੰ ਫੌਰੀ ਤੌਰ ਤੇ ਮਾਲੀ ਮਦਦ ਦੇ ਤੌਰ ਤੇ ਇੱਕ-ਇੱਕ ਕਰੋੜ ਰੁ ਰਾਸ਼ੀ ਜਾਰੀ ਕੀਤੀ ਜਾਵੇ।

4. ਹਰੇਕ ਮ੍ਰਿਤਕ ਦੇ ਪਰਿਵਾਰ ਦੇ ਇੱਕ-ਇੱਕ ਵਾਰਸ ਨੂੰ ਸਰਕਾਰੀ ਨੌਕਰੀ ਸਮਾਂਬੱਧ ਕਰਕੇ ਦੇਣ ਦਾ ਪ੍ਰਬੰਧ ਕੀਤਾ ਜਾਵੇ।

ਮੌਜੂਦਾ ਸਰਕਾਰ ਵੱਲੋਂ ਨਸ਼ਿਆਂ ਦੇ ਵਿਸ਼ੇ ਤੇ ਹੁਣ ਤੱਕ ਸਿਰਫ ਅਥਰੂ ਪੂੰਝਣ ਜਾਂ ਸਸਤੀ ਸ਼ੋਹਰਤ ਲੈਣ ਲਈ ਪਹਿਲਾਂ ਦੀ ਤਰ੍ਹਾਂ ਹੀ ਕੁਝ ਲੀਪਾ ਪੋਚੀ ਹੀ ਕੀਤੀ ਜਾ ਰਹੀ ਹੈ। ਜਦੋਂ ਕਿ ਇਕ ਸਾਲ ਪਹਿਲਾਂ ਵੀ ਇਸ ਸਰਕਾਰ ਦੇ ਸਮੇਂ ਹੀ ਸੰਗਰੂਰ ਤੇ ਤਰਨਤਾਰਨ ਵਿਖੇ ਵੀ ਨਕਲੀ ਅਤੇ ਜਹਿਰੀਲੀ ਸ਼ਰਾਬ ਨਾਲ ਹੀ 21 ਲੋਕਾਂ ਦੀ ਜਾਨ ਚਲੀ ਗਈ ਸੀ ਜਿਸ ਸੰਬੰਧੀ ਸਰਕਾਰ ਵਲੋਂ ਹੁਣ ਤੱਕ ਕੋਈ ਵੀ ਸੱਚ ਲੋਕਾਂ ਸਾਹਮਣੇ ਨਹੀਂ ਲਿਆਂਦਾ ਅਤੇ ਇਸ ਸਰਕਾਰ ਦੇ ਤਿੰਨ ਸਾਲ ਦੇ ਰਾਜਕਾਲ ਦੇ ਸਮੇਂ ਅੰਦਰ ਵੱਖ-ਵੱਖ ਤਰ੍ਹਾਂ ਦੇ ਘਾਤਕ ਨਸ਼ਿਆਂ ਨਾਲ ਰੋਜਾਨਾ ਹੀ ਅਣਗਿਣਤ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ਅਤੇ ਹੁਣ ਤੱਕ ਪੰਜਾਬ ਅੰਦਰ ਲੱਖਾਂ ਘਰ ਤਬਾਹ ਹੋ ਚੁੱਕੇ ਹਨ ਜਿਸ ਨਾਲ ਬੱਚਿਆਂ ਦੇ ਸਿਰ ਤੋਂ ਸਾਇਆ ਉੱਠ ਰਿਹਾ ਹੈ, ਬੁੱਢਾਪੇ ਦੀ ਡੰਡੋਰੀ ਖੋਹੀ ਜਾ ਰਹੀ ਹੈ, ਭੈਣਾਂ ਦੇ ਭਰਾ ਤੇ ਸੁਹਾਗਣਾਂ ਦੇ ਸੁਹਾਗ ਖੋਹੇ ਜਾ ਰਹੇ ਹਨ।

ਜਦੋਂ ਕਿ ਨਸ਼ਿਆਂ ਤੇ ਪੰਜਾਬ ਸਰਕਾਰ ਦੀ ਨੀਂਦ 3 ਸਾਲ ਦਾ ਸਮਾਂ ਬੀਤ ਜਾਣ ਬਾਅਦ ਖੁਲੀ ਹੈ । ਹੁਣ ਵੀ ਸਿਰਫ ਯਾਤਰਾ ਕਰਕੇ ਨਸ਼ੇ ਖ਼ਤਮ ਕਰਨ ਦੇ ਅਖਬਾਰੀ ਦਮਗਜੇ ਮਾਰ ਕੇ ਤੇ ਭੋਲੇ ਭਾਲੇ ਪੰਜਾਬੀਆਂ ਨੂੰ ਨਿਰਾ ਬੇਵਕੂਫ਼ ਹੀ ਬਣਾ ਰਹੀ ਹੈ। ਸਰਕਾਰ ਨੂੰ ਦਸਣਾ ਚਾਹੁੰਦੇ ਹਾਂ ਕਿ "ਡਰਗ ਮਾਫੀਆ, ਪੁਲਿਸ ਅਤੇ ਸਤਾ ਤੰਤਰ ਦਾ ਨਾਪਾਕ ਗਠਜੋੜ" ਜੋ ਪੰਜਾਬ ਦੀ ਤਬਾਹੀ ਦੇ ਮੰਜਰ ਲਈ ਜਿੰਮੇਵਾਰ ਹੈ, ਨਿਰਾ ਯਾਤਰਾਵਾਂ ਨਾਲ ਉਜੜਦੇ ਪੰਜਾਬ ਨੂੰ ਸੰਭਾਲ ਨਹੀਂ ਸਕਦੇ ਸਗੋਂ ਇਸ ਲਈ ਯਾਤਰਾ ਦੀ ਜਗ੍ਹਾ "ਯਾਤਨਾ" (ਸਖ਼ਤ ਕਾਰਵਾਈ ਅਧੀਨ ਸਖ਼ਤ ਸਜ਼ਾਵਾਂ) ਨਾਲ ਹੀ ਇਸਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਇਸ ਲਈ ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਸਰਕਾਰਾਂ ਦੀ ਪੰਜਾਬ ਦੇ ਲੋਕਾਂ ਅਤੇ ਪੰਜਾਬੀਆਂ ਦੀ ਵਿਰਾਸਤ ਪ੍ਰਤੀ ਬੇਰੁਖੀ ਨੂੰ ਦੇਖਦੇ ਹੋਏ ਅਤੇ ਆਪਣੀ ਪੰਜਾਬ ਦੇ ਲੋਕਾਂ ਪ੍ਰਤੀ ਜਿੰਮੇਵਾਰੀ ਸਮਝਦੇ ਹੋਏ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਪੰਜਾਬ ਦੇ ਸਮੁੱਚੇ ਵਰਗਾਂ ਨੂੰ ਨਾਲ ਲੈ ਕੇ ਇਹਨਾਂ ਮੁੱਦਿਆਂ ਤੇ ਅੱਜ ਮਿਤੀ 22.05.2025 ਨੂੰ ਸਮੁੱਚੇ ਪੰਜਾਬ ਦੇ ਜ਼ਿਲਾ ਹੈਡ ਕੁਆਟਰਾਂ ਤੇ ਵੱਡੇ ਇਕੱਠ ਕਰਕੇ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਲਈ ਲੋਕਤੰਤਰੀ ਪ੍ਰਕਿਰਿਆ ਰਾਹੀਂ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਮਾਣਯੋਗ ਰਾਜਪਾਲ ਪੰਜਾਬ ਜੀ ਨੂੰ ਡਿਪਟੀ ਕਮਿਸ਼ਨਰਾਂ

"ਇਕੁਐਲਿਟੀ ਐਂਡ ਜਸਟਿਸ" Rs- 100/month "Equality and Justice" स्वतंत्रता, समानता, भाईचारा

ਰਾਹੀਂ ਮੈਮੋਰੰਡਮ ਭੇਜ ਕੇ ਮੰਗ ਕਰਦੀ ਕੀਤੀ ਗਈ ਕਿ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਨੂੰ ਨਸ਼ਿਆਂ ਦੇ ਖਾਤਮੇ ਲਈ ਲੋੜੀਂਦੇ ਆਦੇਸ਼ ਜਾਰੀ ਕੀਤੇ ਜਾਣ ਤਾਂ ਜੋ ਨਿਤ ਦੇ ਨਵੇਂ ਢੰਗ ਨਾਲ ਲੋਕਾਂ ਦੇ ਹੋ ਰਹੇ ਜਾਨੀ ਮਾਲੀ ਨੁਕਸਾਨ ਨੂੰ ਬਚਾਇਆ ਜਾ ਸਕੇ।

ਇਸ ਲਈ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਆਪ ਸੰਵਿਧਾਨਕ ਕਦਰਾਂ ਕੀਮਤਾਂ ਦੀ ਰੱਖਿਆ ਕਰਦੇ ਹੋਏ ਇਸ ਗੰਭੀਰ ਮਾਮਲੇ ਤੇ ਸੋਚ ਵਿਚਾਰ ਕਰਕੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਖਿਆ ਕਰਨ ਲਈ ਉਚਿਤ ਕਦਮ ਜਰੂਰ ਚੁੱਕੋਗੇ ਅਤੇ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ *ਨਸ਼ਿਆਂ ਦੇ ਖਾਤਮੇ ਲਈ "ਡਰਗ ਮਾਫੀਆ, ਪੁਲਿਸ ਅਤੇ ਸਤਾ ਤੰਤਰ" ਦਾ ਨਾਪਾਕ ਗਠਜੋੜ ਖਤਮ ਕਰਨ ਲਈ ਸਰਕਾਰ ਨੂੰ ਢੁੱਕਵੇਂ ਨਿਰਦੇਸ਼ ਜਾਰੀ ਕਰੋਗੇ। ਰੋਸ਼ ਪ੍ਰਦਰਸਨ ਬਸਪਾ ਮੁਖ ਦਫਤਰ ਨੇੜੇ ਫਲਾਈਓਵਰ ਤੋਂ ਸ਼ੁਰੂ ਹੋ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਖੇ ਪਹੁੰਚ ਕੇ ਮੰਗ ਪੱਤਰ ਸੌਂਪਿਆ। ਧਰਨਾਂ ਪ੍ਰਦਰਸ਼ਨ ਮੌਕੇ ਜ਼ਿਲ੍ਹਾ ਇੰਚਾਰਜ ਸੁਰਜੀਤ ਸਿੰਘ ਗੋਰੀਆ, ਦਫਤਰ ਸਕੱਤਰ ਜਗਮੇਲ ਸਿੰਘ ਜੱਸਲ, ਮੀਤ ਪ੍ਰਧਾਨ ਰਾਮਲਾਲ ਰਾਠੀਆ, ਹਰਦੀਪ ਸਿੰਘ ਚੁੰਬਰ ਇੰਚਾਰਜ ਬਾਮਸੇਫ ਜੋਨ ਪਟਿਆਲਾ, ਗੁਰਦਾਸ ਸਿੰਘ ਘੜਾਮਾ ਜ਼ਿਲ੍ਹਾ ਸੈਕਟਰੀ, ਕੈਸ਼ੀਅਰ ਗੁਰਮੀਤ ਸਿੰਘ ਬਹਾਦਰਗੜ੍ਹ, ਸੁਖਲਾਲ ਜ਼ਿਲ੍ਹਾ ਇੰਚਾਰਜ, ਜ਼ਿਲ੍ਹਾ ਆਰਡੀਨੇਟਰ ਜਸਪਾਲ ਸਿੰਘ ਕਾਮੀ ਐਡਵੋਕੇਟ, ਅੰਗਰੇਜ਼ ਸਿੰਘ ਬਹਾਦਰਗੜ੍ਹ ਇੰਚਾਰਜ ਹਲਕਾ ਸਨੌਰ, ਹਰਵਿੰਦਰ ਸਿੰਘ ਨਰੜੂ ਮੀਤ ਪ੍ਰਧਾਨ ਦਿਹਾਤੀ ਪਟਿਆਲਾ,ਰੂਪ ਸਿੰਘ ਬਠੋਈ, ਜਿਲਾ ਕੋਆਰਡੀਨੇਟਰ ਬੰਤ ਸਿੰਘ ਝੰਡੀ ਭੈਣੀ, ਸਤਵੀਰ ਸਿੰਘ ਨਾਈਵਾਲਾ, ਸ਼ਤਰਾਣਾ , ਐਡਵੋਕੇਟ ਅਮਿਤ ਅਟਵਾਲ, ਰਾਜਿੰਦਰ ਸਿੰਘ ਚੱਪੜ ਪ੍ਰਧਾਨ ਰਾਜਪੁਰਾ, ਸੁਖਵਿੰਦਰ ਸਿੰਘ ਤੇਪਲਾ ਘਨੌਰ ,ਹਰਦੀਪ ਸਿੰਘ ਧਾਲੀਵਾਲ ਪ੍ਰਧਾਨ ਹਲਕਾ ਸਨੌਰ ,ਲਾਲ ਚੰਦ ਸਿਟੀ ਪਟਿਆਲਾ ਰਵੀ ਕੁਮਾਰ ਪ੍ਰਧਾਨ ਦਿਹਾਤੀ ਪਟਿਆਲਾ, ਮੋਹਨ ਲਾਲ ਪ੍ਰਧਾਨ ਸਮਾਣਾ, ਸੁਖਜਿੰਦਰ ਸਿੰਘ ਕਕਰਾਲਾ ਸ਼ਤਰਾਣਾ, ਬੀਬੀ ਕਮਲਪ੍ਰੀਤ ਸੁਨੀਤਾ ਪ੍ਰਧਾਨ ਲੇਡੀ ਵਿੰਗ ਪਟਿਆਲਾ, ਜ਼ਿਲ੍ਹਾ ਸੈਕਟਰੀ ਹਰਦੇਵ ਸਿੰਘ ਬਿਸ਼ਨਪੁਰ, ਬਲਕਾਰ ਸਿੰਘ ਹਰਪਾਲਪੁਰ, ਜਰਨੈਲ ਬਿਟੂ ਸਮਾਣਾ, ਮਾਸਟਰ ਮਲਕੀਤ ਸਿੰਘ,ਕੁਲਦੀਪ ਸਿੰਘ ਖ਼ਾਲਸਾ, ਚੰਦ ਸਿੰਘ ਭੱਟੀ, ਜਗਤਾਰ ਬਹਾਦਰਗੜ੍ਹ ਆਦਿ ਤੇ ਵੱਡੀ ਗਿਣਤੀ ਵਿਚ ਲੇਡੀ ਵਿੰਗ ਦੀਆਂ ਵਰਕਰਾਂ ਮੌਜੂਦ ਸਨ।

# ਇਸਤਰੀ ਜਾਗ੍ਰਿਤੀ ਮੰਚ ਵੱਲੋਂ ਬੇਗ਼ਮਪੁਰਾ ਵਸਾਉਣ ਤੋਂ ਰੋਕਣ ਲਈ ਗ੍ਰਿਫ਼ਤਾਰ ਔਰਤਾਂ ਦੀ ਜਾਣਕਾਰੀ ਜਨਤਕ ਕਰਨ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 22 ਮਈ, 2025: ਇਸਤਰੀ ਜਾਗ੍ਰਿਤੀ ਮੰਚ ਸੂਬਾ ਪ੍ਰੈੱਸ ਸਕੱਤਰ ਜਸਵੀਰ ਕੌਰ ਜੱਸੀ, ਦਿਲਜੀਤ ਕੌਰ, ਬਲਵਿੰਦਰ ਕੌਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਬੇਗਮਪੁਰਾ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਸੰਗਰੂਰ ਬੀੜ ਐਸਵਾਨ ਜਾ ਰਹੀਆਂ ਬੇਜ਼ਮੀਨੇ ਮਜ਼ਦੂਰ ਔਰਤਾਂ ਨੂੰ ਭਗਵੰਤ ਸਿੰਘ ਮਾਨ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਆਪਣਾ ਅਖੌਤੀ ਔਰਤ ਪੱਖੀ ਨਕਾਬ ਲਾਹ ਮਾਰਿਆ ਹੈ। ਸੰਗਰੂਰ ਵਿਖੇ ਬੀੜ ਐਸਵਾਨ ਦੀ



ਕੈਪਸਨ: ਗੱਲਬਾਤ ਕਰਦੇ ਹੋਏ ਇਸਤਰੀ ਜਾਗ੍ਰਿਤੀ ਮੰਚ ਸੂਬਾ ਪ੍ਰੈੱਸ ਸਕੱਤਰ ਜਸਵੀਰ ਕੌਰ ਜੱਸੀ, ਦਿਲਜੀਤ ਕੌਰ, ਬਲਵਿੰਦਰ ਕੌਰ ਅਤੇ ਹੋਰ ਸਾਥੀ।

927 ਏਕੜ ਜ਼ਮੀਨ ਉੱਤੇ ਆਪਣਾ ਹੱਕ ਲੈਣ ਲਈ ਜਾ ਰਹੀਆਂ ਔਰਤਾਂ ਨੂੰ ਗ੍ਰਿਫ਼ਤਾਰ ਕਰਕੇ ਕੰਮੀਆਂ ਦੇ ਹੱਕ ਵਿੱਚ ਢੌਂਗ ਕਰਨ ਵਾਲੇ ਮੁੱਖ ਮੰਤਰੀ ਦਾ ਹੀਜ ਪਿਆਜ਼ ਨੰਗਾ ਹੋ ਗਿਆ ਹੈ। ਸੰਗਰੂਰ ਪ੍ਰਸ਼ਾਸਨ ਨੇ ਬੀੜ ਐਸਵਾਨ ਜ਼ਮੀਨ ਵੱਲ ਵੱਧ ਰਹੀਆਂ ਸੈਂਕੜੇ ਔਰਤਾਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ। ਕੁੱਝ ਲੋਕਾਂ ਨੂੰ ਦੇਰ ਰਾਤ ਰਿਹਾਅ ਕਰ ਦਿੱਤਾ ਗਿਆ। ਸੈਕੜੇਂ ਔਰਤਾਂ ਨੂੰ ਸੰਗਰੂਰ ਪ੍ਰਸ਼ਾਸਨ ਨੇ ਗ੍ਰਿਫ਼ਤਾਰ ਕਰਨ ਉਪਰੰਤ ਜੇਲ ਵਿੱਚ ਭੇਜ ਦਿੱਤਾ। ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਬਠਿੰਡਾ ਜੇਲ੍ਹ ਵਿੱਚ ਬਹੁਤ ਸਾਰੀਆਂ ਔਰਤਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਪ੍ਰੰਤੂ ਬਾਕੀ ਔਰਤਾਂ ਨੂੰ ਕਿਸ ਜਗ੍ਹਾ ਕੈਦ ਕਰਕੇ ਰੱਖਿਆ, ਪ੍ਰਸ਼ਾਸਨ ਉਹ ਦੱਸਣ ਲਈ ਤਿਆਰ ਨਹੀਂ।

ਇਸਤਰੀ ਜਾਗ੍ਰਿਤੀ ਮੰਚ ਨੇ ਮੰਗ ਕੀਤੀ ਕਿ ਸੂਬਾ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਬੇਗ਼ਮਪੁਰਾ ਵਸਾਉਣ ਤੋਂ ਰੋਕਣ ਲਈ ਗ੍ਰਿਫ਼ਤਾਰ ਕੀਤੀਆ ਔਰਤਾਂ ਦੀ ਗਿਣਤੀ ਜਨਤਕ ਕਰੇ ਅਤੇ ਉਹਨਾਂ ਨੂੰ ਕਿਹੜੀ ਕਿਹੜੀ ਜੇਲ੍ਹ ਵਿੱਚ ਨਜ਼ਰਬੰਦ ਕਰਕੇ ਰੱਖਿਆ ਹੋਇਆ ਹੈ ਦੱਸਿਆ ਜਾਵੇ ਤਾਂ ਕਿ ਫ਼ਿਕਰਮੰਦ ਪਰਿਵਾਰਾਂ ਨੂੰ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੇ ਸਹੀ ਸਲਾਮਤ ਹੋਣ ਦੀ ਜਾਣਕਾਰੀ ਮਿਲ ਸਕੇ। ਉਨ੍ਹਾਂ ਨਾਲ ਹੀ ਚੇਤਾਵਨੀ ਦਿੱਤੀ ਕਿ ਜੇਕਰ ਕਿਸੇ ਔਰਤ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਇਆ ਤਾਂ ਭਗਵੰਤ ਮਾਨ ਸਰਕਾਰ ਅਤੇ ਪ੍ਰਸ਼ਾਸਨ ਇਸ ਦੇ ਸਿੱਟੇ ਭੁਗਤਣ ਲਈ ਤਿਆਰ ਰਹੇ।

# ਸ਼ਹੀਦਾਂ ਦੇ ਸਰਤਾਜ ਗੁਰੂ ਤੇਗ ਬਹਾਦਰ ਮਹਾਰਾਜ ਜੀ ਦਾ ਸ਼ਹੀਦੀ ਗੁਰਪੁਰਬ 31 ਮਈ ਨੂੰ ਦੇਤਵਾਲ ਵਿਖੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਲੁਧਿਆਣਾ ( ਵਤਨਪ੍ਰੀਤ ਬੇਪਾਰਾਏ ) ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਸ਼ਹੀਦੀ ਗੁਰਪੁਰਬ ਗੁਰਦੁਆਰਾ ਦੁਖ ਭੰਜਨ ਸਾਹਿਬ ਪਿੰਡ ਦੇਤਵਾਲ ਜਿਲਾ ਲੁਧਿਆਣਾ ਵਿਖੇ 29 30 31 ਮਈ 2025 ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਹੈ।ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਨੇ ਦੱਸਿਆ ਕਿ 29 ਮਈ 2025 ਦਿਨ ਵੀਰਵਾਰ ਨੂੰ ਸ਼ਾਮ 4 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 30 ਮਈ 2025 ਦਿਨ ਸ਼ੁਕਰਵਾਰ ਨੂੰ ਦੁਪਹਿਰੇ 2 ਵਜੇ ਵਿਸ਼ਾਲ ਨਗਰ ਕੀਰਤਨ ਆਰੰਭ ਕੀਤਾ ਜਾਵੇਗਾ। ਨਗਰ ਕੀਰਤਨ ਦੌਰਾਨ ਪੰਜਾਬ ਦੇ ਪ੍ਰਸਿੱਧ ਢਾਡੀ ਜੱਥੇ ਭਾਈ ਬਲਦੇਵ ਸਿੰਘ ਰਕਬਾ, ਸ਼ਾਨ ਏ ਖਾਲਸਾ ਰਣਜੀਤ ਸਿੰਘ ਰਾਣਾ ,ਪਾਲੀ ਦੇਤਵਾਲੀਆ ਜੀ ਸੰਸਾਰ ਪ੍ਰਸਿੱਧ ਟੀਵੀ ਆਰਟਿਸਟ ਆਈਆਂ ਸੰਗਤਾਂ ਦਾ ਧੰਨਵਾਦ ਕਰਨਗੇ। ਸਟੇਜ ਸੈਕਟਰੀ ਦਰਸ਼ਨ ਸਿੰਘ ਬਿੱਲਾ ਦੇਤਵਾਲ ਨਵਾਉਣਗੇ। 31 ਮਈ ਦਿਨ ਸ਼ਨੀਵਾਰ ਨੂੰ ਸਵੇਰੇ ਆਸ਼ਾ ਦੀ ਵਾਰ ਦਾ ਕੀਰਤਨ ਅਤੇ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮਤ ਵਜੇ ਤੱਕ ਕੀਰਤਨੀ ਜੱਥਾ ਮਨਦੀਪ ਸਿੰਘ ਅਤੇ ਉਹਨਾਂ ਦੇ ਸਾਥੀ,ਭਾਈ ਹਰਬੰਸ ਸਿੰਘ ਜੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸ਼ਹਾਦਤ ਬਾਰੇ ਸੰਗਤਾਂ ਨੂੰ ਜਾਣਕਾਰੀ ਦੇਣਗੇ। ਸਮਾਗਮ ਦੌਰਾਨ ਸਮਾਜਿਕ, ਧਾਰਮਿਕ, ਅਤੇ ਰਾਜਨੀਤਿਕ ਆਗੂ ਰਵਨੀਤ ਸਿੰਘ ਬਿੱਟੂ ਕੇਂਦਰੀ ਮੰਤਰੀ, ਅਮਿੰਦਰ ਸਿੰਘ ਰਾਜਾ ਵੜਿੰਗ ਮੈਂਬਰ ਪਾਰਲੀਮੈਂਟ , ਮਨਪ੍ਰੀਤ ਸਿੰਘ ਇਆਲੀ ਵਿਧਾਇਕ ਹਲਕਾ ਦਾਖਾ ,ਡਾਕਟਰ K N S ਕੰਗ, ਹਰਨੇਕ ਸਿੰਘ ਸੇਖੋ ਚੇਅਰਮੈਨ ਮੁੱਲਾਂਪੁਰ ਮਾਰਕੀਟ ਕਮੇਟੀ, ਸਾਬਕਾ ਚੇਅਰਮੈਨ ਭਜਨ ਸਿੰਘ ਦੇਤਵਾਲ, ਮੇਜਰ ਸਿੰਘ ਦੇਤਵਾਲ ,ਹਰਦੇਵ ਸਿੰਘ ਬੇਪਾਰਾਏ ਕੌਮੀ ਪ੍ਰਧਾਨ ਭਾਈ ਘਨਈਆ ਜਲ ਪੂਰਤੀ ਸੰਗਠਨ, ਜਸਵੰਤ ਸਿੰਘ ਬੜੈਣ ਸ਼੍ਰੋਮਣੀ ਕਮੇਟੀ ਮੈਂਬਰ , ਕੇਵਲ ਸਿੰਘ ਬਾਦਲ ਸ਼੍ਰੋਮਣੀ ਕਮੇਟੀ ਮੈਂਬਰ, ਯੂਥ ਆਗੂ ਜਸਕਰਨ ਦਿਓਲ ਇਆਲੀ ਕਲਾਂ ਜਗਤਾਰ ਸਿੰਘ ਤਾਰੀ,



ਸਰਬਜੀਤ ਸਿੰਘ ਸਾਬਕਾ ਸੁਪਰਡੈਂਟ , ਸਰਪੰਚ ਬੀਬੀ ਜਸਵੀਰ ਕੌਰ, ਸਾਬਕਾ ਸਰਪੰਚ ਲਖਬੀਰ ਸਿੰਘ, ਕਮਲਜੀਤ ਸਿੰਘ ਬਿੱਟੂ ਦੇਤਵਾਲ, ਸੁਰਜੀਤ ਕੌਰ, ਕੁਲਦੀਪ ਕੌਰ , ਪਰਮਜੀਤ ਕੌਰ , ਦਰਸ਼ਨ ਸਿੰਘ, ਜਗਪਾਲ ਸਿੰਘ, ਬਲਜੀਤ ਕੌਰ, ਅਮਰ ਸਿੰਘ ਢਿੱਲੋ, ਠੇਕੇਦਾਰ ਜਗਤਾਰ ਪੰਜਾਬੀ ਸਿੰਗਰ ਟੋਨੀ ਇਆਲੀ ਆਦਿ ਹਾਜ਼ਰ ਰਹਿਣਗੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

# ਮੋਬਾਇਲ ਦੀ ਅੰਨ੍ਹੀ ਦੌੜ 'ਚ ਗੁਆਚਦੇ ਸਾਡੇ ਪ੍ਰੀਵਾਰਕ ਰਿਸ਼ਤੇ

ਦਲਬੀਰ ਸਿੰਘ ਧਾਲੀਵਾਲ
ਪਟਿਆਲਾ ।
99155—21037



ਸਚਦੇਵਾ ਜੀ ਦੀ ਤਬੀਅਤ ਅਜ ਠੀਕ ਨਾ ਹੋਣ ਕਾਰਨ ਉਹ ਸੁਭਾ ਅਪਣੇ ਬਿਸਤਰੇ ਤੋਂ ਲੇਟ ਉੱਠੇ ਅਤੇ ਬਾਹਰ ਨਿਕਲ ਕੇ ਜਦੋਂ ਡਰਾਇੰਗ ਰੂਮ ਵਲ ਵਧੇ ਤਾਂ ਸਾਰੇ ਪ੍ਰੀਵਾਰਕ ਮੈਂਬਰ ਅਪਣੇ ਅਪਣੇ ਮੋਬਾਈਲਾਂ ਉਤੇ ਸਿਰ ਝੁਕਾਏ ਮਸਤ ਬੈਠੇ ਸਨ ਕਿਉਂਕਿ ਕਿਸੇ ਨੇ ਵੀ ਸਿਰ ਚੁੱਕਕੇ ਉਹਨਾਂ ਵਲ ਵੇਖਣ ਦੀ ਖੇਚਲ ਨਾ ਕੀਤੀ । ਉਹਨਾਂ ਨੇ ਕੁਰਲੀ ਵਗੈਰਾ ਕਰਕੇ ਆਪਣੀ ਪਤਨੀ ਨੂੰ ਕਿਹਾ : ਮੇਰੀ ਤਬੀਅਤ ਠੀਕ ਨਹੀਂ ਹੈ, ਘਬਰਾਹਟ ਹੋ ਰਹੀ ਹੈ, ਇਸ ਲਈ ਮੈਂ ਡਾਕਟਰ ਕੋਲ ਚੈੱਕ ਕਰਾਉਣ ਲਈ ਜਾ ਰਿਹਾ ਹਾਂ । ਇਸ ਤੇ ਪਤਨੀ ਮੋਬਾਇਲ ਉਤੇ ਉਵੇਂ ਹੀ ਸਿਰ ਝੁਕਾਏ ਹੋਏ ਬੋਲੀ : ਠੀਕ ਹੈ ਆਪਣਾ ਧਿਆਨ ਰੱਖਣਾਂ, ਪਰ ਬਾਕੀ ਜੀਅ ਸਭ ਉਵੇਂ ਹੀ ਬੈਠੇ ਰਹੇ ਅਤੇ ਮੁੰਡੇ ਨੇ ਵੀ ਨਾ ਕਿਹਾ ਕਿ ਪਿਤਾ ਜੀ ਅਸੀਂ ਇੱਕ ਜਣਾ ਤੁਹਾਡੇ ਨਾਲ ਚਲਦੇ ਹਾਂ । ਖੈਰ ਸਚਦੇਵਾ ਜੀ ਨੇ ਬਾਈਕ ਦੀ ਚਾਬੀ ਚੁੱਕੀ, ਬਾਹਰ ਸਟੈਂਡ ਵੱਲ ਨੂੰ ਵਧੇ ਤੇ ਬਾਈਕ ਸਟਾਰਟ ਕਰਨ ਲਗੇ ਤਾਂ ਬਾਈਕ ਸਟਾਰਟ ਨਹੀਂ ਸੀ ਹੋ ਰਹੀ ਜਿਸ ਤੇ ਉਹ ਘਬਰਾਹਟ ਨਾਲ ਪਸੀਨੋ ਪਸੀਨੀ ਹੋ ਰਹੇ ਸਨ । ਇੰਨੇ ਨੂੰ ਉਹਨਾਂ ਦੇ ਘਰ ਦਾ ਪੁਰਾਣਾ ਨੌਕਰ ਰਾਮੂ ਅੰਦਰ ਦਾਖਲ ਹੋਇਆ ਜੋ ਪਿਛਲੇ 20 ਸਾਲਾਂ ਤੋਂ ਕੰਮ ਕਰਦਾ ਸੀ ਅਤੇ ਕਾਫੀ ਵਫਾਦਾਰ ਅਤੇ ਸੇਵਾ ਭਾਵ ਵਾਲਾ 30—35 ਸਾਲ ਉਮਰ ਦਾ ਹੀ ਸੀ । ਉਸਨੇ ਜਦ ਸਚਦੇਵਾ ਜੀ ਦੀ ਅਜਿਹੀ ਹਾਲਤ ਵੇਖੀ ਤਾਂ ਬੋਲਿਆ, ਅਰੇ ਮਾਲਕ ਆਪ ਕੀ ਤਬੀਅਤ ਤੋ ਬਹੁਤ ਖਰਾਬ ਲਗ ਰਹੀ ਹੈ, ਛੋੜੇ ਮੈਂ ਬਾਈਕ ਸਟਾਰਟ ਕਰਤਾ ਹੂੰ ਔਰ ਆਪ ਕੋ ਅਭੀ ਹਸਪਤਾਲ ਲੇ ਚਲਤਾ ਹੂੰ । ਨੌਕਰ ਸਮਝਦਾਰ ਸੀ ਇਸ ਲਈ ਉਸਨੇ ਬਾਈਕ ਸਟਾਰਟ ਕੀਤੀ ਅਤੇ ਸਚਦੇਵਾ ਜੀ ਨੂੰ ਨਾਲ ਬੈਠਾ ਕੇ ਸਿੱਧ ਹਸਪਤਾਲ ਦੇ ਐਮਰਜੈਂਸੀ ਵਾਰਡ ਵੱਲ ਨੂੰ ਲੈ ਗਿਆ, ਡਾਕਟਰ ਨੂੰ ਉਸਨੇ ਸਾਰੀ ਗੱਲ ਦੱਸੀ ਤਾਂ ਡਾਕਟਰਾਂ ਨੇ ਚੈਕ ਕਰਕੇ ਕਿਹਾ ਕਿ ਹਾਰਟ ਦੀ ਪਰੌਬਲਮ ਜਾਪਦੀ ਹੈ, ਟੈਸਟ ਵਗੈਰਾ ਕਰਾਉਂਦੇ ਹਾਂ । ਤੁਸੀਂ ਆਹ ਟੈਸਟਾਂ ਦੇ ਪੈਸੇ ਜਮ੍ਹਾਂ ਕਰਾ ਦਿਓ । ਕੁੱਝ ਪੈਸੇ ਤਾਂ ਸਚਦੇਵਾ ਜੀ ਨਾਲ ਲੈ ਕੇ ਆਏ ਸਨ ਜੋ ਉਹਨਾਂ ਨੇ ਰਾਮੂ ਨੂੰ ਫੜਾ ਦਿੱਤੇ ਜਮ੍ਹਾਂ ਕਰਾਉਣ ਲਈ ਅਤੇ ਬਾਕੀ ਉਸ ਨੂੰ ਸਮਝਾ ਦਿੱਤਾ ਕਿ ਮੇਰੇ ਕੋਲ ਏ.ਟੀ.ਐਮ. ਕਾਰਡ ਹੈ ਹੋਰ ਲੋੜ ਪਈ ਤਾਂ ਤੈਨੂੰ ਸਮਝਾ ਦੇਵਾਂਗਾ ਤੂੰ ਪੈਸੇ ਕਢਵਾ ਲਿਆਈਂ । ਡਾਕਟਰਾਂ ਨੇ ਉਸਨੂੰ ਦਾਖਲ ਕਰਕੇ ਮੁੱਢਲਾ ਇਲਾਜ ਸ਼ੁਰੂ ਕਰ ਦਿੱਤਾ ।

ਟੈਸਟਾਂ ਦੀਆਂ ਰਿਪੋਰਟਾਂ ਆਉਣੀਆਂ ਅਜੇ ਬਾਕੀ ਸਨ ਪਰ ਡਾਕਟਰਾਂ ਨੂੰ ਵੈਸੇ ਕਾਫੀ ਹੱਦ ਤੱਕ ਅੰਦਾਜਾ ਹੋ ਚੁੱਕਿਆ ਸੀ ਕਿ ਸ਼ਾਇਦ ਹਾਰਟ ਦਾ ਛੋਟਾ ਓਪਰੇਸ਼ਨ ਕਰਨਾ ਪਵੇ ਇਸ ਲਈ ਉਹਨਾਂ ਨੇ ਇੱਕ ਫਾਰਮ ਭਰਵਾਇਆ ਅਤੇ ਉਸ ਉਪਰ ਮਰੀਜ ਦੇ ਪ੍ਰੀਵਾਰਕ ਮੈਂਬਰ ਦੇ ਹਸਤਾਖਰ ਕਰਨ ਲਈ ਜਦੋਂ ਕਿਹਾ ਤਾਂ ਸਚਦੇਵਾ ਜੀ ਨੇ ਉਹ ਫਾਰਮ ਰਾਮੂ ਵੱਲ ਵਧਾ ਦਿੱਤਾ ਤੇ ਕਿਹਾ ਕਿ ਤੂੰ ਦਸਤਖਤ ਕਰਦੇ ਕਿਉਂਕਿ ਤੂੰ ਹੁਣ ਮੇਰਾ ਪਰਿਵਾਰਕ ਮੈਂਬਰ ਹੀ ਹੈ । ਇੰਨੇ ਨੂੰ ਸਚਦੇਵਾ ਜੀ ਦੀ ਪਤਨੀ ਦਾ ਫੋਨ ਆਇਆ ਰਾਮੂ ਕੋਲ ਕਿ ਰਾਮੂ ਤੂੰ ਅੱਜ ਕੰਮ ਤੇ ਕਿਉਂ ਨਹੀਂ ਆਇਆ, ਤੂੰ ਬਗੈਰ ਦਸੇ ਤੋਂ ਹੀ ਛੁੱਟੀ ਮਾਰ ਲਈ ਅੱਜ, ਕਿੰਨਾ ਕੰਮ ਪਿਆ ਹੈ ਕਰਨ ਵਾਲਾ । ਰਾਮੂ ਨੇ ਥੋੜਾ ਪਾਸੇ ਹੋ ਕੇ ਫੋਨ ਸੁਣਿਆ ਤੇ ਕਹਿ ਦਿੱਤਾ ਬੀਬੀ ਜੀ ਬੇਸ਼ਕ ਤੁਸੀਂ ਮੇਰੀ ਅੱਜ ਦੀ ਤਨਖਾਹ ਕੱਟ ਲੈਣਾ ਪਰ ਮੈਂ ਬਾਬੂ ਜੀ ਨੂੰ ਹਸਪਤਾਲ ਲੈ ਕੇ ਆਇਆ ਹਾਂ ਅਤੇ ਡਾਕਟਰਾਂ ਨੇ ਉਹਨਾਂ ਨੂੰ ਦਾਖਲ ਕਰ ਲਿਆ ਹੈ, ਟੈਸਟ ਹੋ ਰਹੇ ਹਨ, ਡਾਕਟਰ ਕਹਿੰਦੇ ਹਨ ਕਿ ਦਿਲ ਦੀ ਤਕਲੀਫ ਹੈ, ਹੋ ਸਕਦਾ ਹੈ ਉਹਨਾਂ ਦਾ ਛੋਟਾ ਆਪਰੇਸ਼ਨ ਕਰਨਾ ਪਵੇ । ਥੋੜੀ ਦੇਰੀ ਬਾਅਦ ਸਚਦੇਵਾ ਜੀ ਦੇ ਦੋਵੇਂ ਪੁੱਤਰ, ਨੂੰਹ ਅਤੇ ਪਤਨੀ ਉਸਦੇ ਬੈੱਡ ਕੋਲ ਪਹੁੰਚ ਗਏ ਸਨ ਜੋ ਨੀਵੀਆਂ ਪਾਈ ਖੜ੍ਹੇ ਸ਼ਰਮਸਾਰ ਹੋ ਰਹੇ ਸਨ ਕਿ ਅਸੀਂ ਤਾਂ ਮੋਬਾਇਲ ਵੇਖਣ ਦੀ ਮਸਤੀ ਵਿੱਚ ਆਪਣੇ ਘਰ ਦੇ ਮੁਖੀ ਦੀ ਤਕਲੀਫ ਦੀ ਪ੍ਰਵਾਹ ਹੀ ਨਾ ਕੀਤੀ ਪਰ ਸਾਡੇ ਨਾਲੋਂ ਤਾਂ ਨੌਕਰ ਹੀ ਚੰਗਾ ਹੈ ਜਿਸਨੇ ਆਪਣੇ ਮਾਲਕ ਪ੍ਰਤੀ ਇੰਨੀ ਵਫਾਦਾਰੀ ਨਿਭਾਈ ਹੈ ਪਰ ਇੱਕ ਅਸੀਂ ਹਾਂ ਜੋ ਪ੍ਰੀਵਾਰਕ ਰਿਸ਼ਤਿਆਂ ਪ੍ਰਤੀ ਅਪਣਾ ਫਰਜ਼ ਹੀ ਭੁੱਲ ਗਏ । ਉਹ ਪਛਤਾ ਰਹੇ ਸਨ ਅਤੇ ਸਚਦੇਵਾ ਜੀ ਬੈੱਡ ਉੱਤੇ ਲੇਟੇ ਹੋਏ ਉਹਨਾਂ ਤੋਂ ਮੂੰਹ ਫੇਰੀ ਪਏ ਸਨ, ਉਹਨਾਂ ਵੱਲ ਉਹ ਝਾਕ ਹੀ ਨਹੀਂ ਰਹੇ ਸਨ । ਡਾਕਟਰਾਂ ਅਨੁਸਾਰ ਐਮਰਜੈਂਸੀ ਮੌਕੇ ਖੂਨ ਦੀ ਲੋੜ ਪੈਣ ਤੇ ਉਹਨਾਂ ਦੇ ਬਲੱਡ ਗਰੁੱਪ ਲਈ ਰਾਮੂ ਨੇ ਆਪਣਾ ਖੂਨ ਟੈਸਟ ਵੀ ਕਰਵਾ ਲਿਆ ਜੋ ਗਰੁੱਪ ਨਾਲ ਮਿਲ ਚੁੱਕਾ ਸੀ ਤੇ ਉਸਨੇ ਕਹਿ ਦਿੱਤਾ ਸੀ ਕਿ ਲੋੜ ਪੈਣ ਤੇ ਮੈਂ ਖੂਨ ਦੇ ਦੇਵਾਂਗਾ । ਇਸ ਲਈ ਸਚਦੇਵਾ ਜੀ ਉਸਨੂੰ ਆਪਣਾ ਅਸਲੀ ਵਫਾਦਾਰ ਪ੍ਰੀਵਾਰਕ ਮੈਂਬਰ ਸਮਝ ਰਹੇ ਸਨ ਪਰ ਦੂਜੇ ਪਾਸੇ ਜਨਮ ਜਨਮ ਦਾ ਸਾਥ ਨਿਭਾਉਣ ਵਾਲੀ ਪਤਨੀ, ਜੰਮਣ ਤੋਂ ਲੈ ਕੇ ਬਾਪ ਦੇ ਹੱਥਾਂ ਵਿੱਚ ਪਲੇ ਤੇ ਵੱਡੇ ਹੋਏ ਪੁੱਤ ਅਤੇ ਉਹ ਨੂੰਹ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਨੂੰਹ ਸਹੁਰਾ ਪ੍ਰੀਵਾਰ ਦੀ ਧੀ ਹੀ ਬਣ ਜਾਂਦੀ ਹੈ ਇਹ ਸਭ ਆਪਣੇ ਪਰਿਵਾਰ ਮੁਖੀ ਸਾਹਮਣੇ ਸ਼ਰਮਿੰਦੇ ਹੋਏ ਖੜ੍ਹੇ ਸਨ ਕਿਉਂਕਿ ਇਸ ਮੋਬਾਇਲ ਦੀ ਲੋੜ ਤੋਂ ਵੱਧ ਵਰਤੋਂ ਅਤੇ ਅੰਨੀ ਦੌੜ ਨੇ ਪ੍ਰੀਵਾਰਕ ਰਿਸ਼ਤਿਆਂ ਨੂੰ ਅੱਜ ਗੰਧਲਾ ਕਰ ਦਿੱਤਾ ਸੀ । ਇਸ ਬਾਰੇ ਸਾਨੂੰ ਸੁਚੇਤ ਹੋਣ ਦੀ ਲੋੜ ਕਿ ਇਹ ਰਿਸ਼ਤੇ ਬਹੁਤ ਕੀਮਤੀ ਹਨ ਅਤੇ ਇੰਨ੍ਹਾਂ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ । ਪਰ ਅੱਜ ਅਸੀਂ ਆਮ ਹੀ ਵੇਖਦੇ ਹਾਂ ਕਿ ਸਾਡੇ ਪ੍ਰੀਵਾਰਾਂ ਵਿੱਚ ਸਾਡੀ ਨਵੀਂ ਪੀੜ੍ਹੀ ਦੇ ਧੀਆਂ ਪੁੱਤ ਆਪਣੇ ਆਪਣੇ ਮੋਬਾਇਲਾਂ ਉੱਤੇ ਇੰਨੇ ਮਸਤ ਰਹਿੰਦੇ ਹਨ ਕਿ ਉਹਨਾਂ ਕੋਲ ਆਪਣੇ ਬਜ਼ੁਰਗ ਮਾਂ ਬਾਪ ਕੋਲ ਬੈਠਕੇ ਗੱਲਬਾਤ ਕਰਨ ਦਾ ਵਕਤ ਹੀ ਨਹੀਂ ਹੈ, ਜਿਸ ਲਈ ਸਾਡੇ ਬਜ਼ੁਰਗ ਤਰਸਦੇ ਹੀ ਰਹਿੰਦੇ ਹਨ ।



ਕਈ ਨੌਜਵਾਨ ਬੱਚੇ ਤਾਂ ਮੋਬਾਇਲ ਤੇ ਇੰਨੇ ਦੀਵਾਨੇ ਹੋ ਜਾਂਦੇ ਹਨ ਕਿ ਮਾਂ ਬਾਪ ਵੱਲੋਂ ਰੋਕਣ ਤੇ ਬਹੁਤ ਗੁੱਸਾ ਕਰਦੇ ਹਨ ਜਿਸ ਦੀ ਇੱਕ ਤਾਜਾ ਮਿਸਾਲ ਕੁੱਝ ਮਹੀਨੇ ਪਹਿਲਾਂ ਵਾਪਰੀ ਇੱਕ ਤਾਜ਼ਾ ਘਟਨਾ ਦੀ ਹੈ ਕਿ ਲਖਨਊ ਵਿੱਚ ਇੱਕ 16 ਸਾਲਾ ਨੌਜਵਾਨ ਨੂੰ ਮੋਬਾਇਲ ਉੱਤੇ ਪੱਬਜੀ ਗੇਮ ਖੇਡਣ ਦਾ ਬਹੁਤ ਜਨੂੰਨ ਸੀ ਪਰ ਉਸ ਦੀ ਮਾਂ ਉਸ ਨੂੰ ਰੋਕਦੀ ਸੀ ਅਤੇ ਇਵੇਂ ਹੀ ਇੱਕ ਦਿਨ ਗੁੱਸੇ ਵਿੱਚ ਆਏ ਉਸ ਪੁੱਤ ਨੇ ਆਪਣੇ ਬਾਪ ਦੀ ਲਾਇਸੈਂਸੀ ਬਦੂੰਕ ਨਾਲ ਮਾਂ ਨੂੰ ਹੀ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਦੋ ਦਿਨ ਕਮਰੇ ਵਿੱਚ ਹੀ ਬੰਦ ਕਰੀ ਰੱਖਿਆ, ਬਦਬੂ ਤੋਂ ਬਚਾਅ ਲਈ ਕਮਰੇ ਵਿੱਚ ਰੂਮ—ਫਰੈਸ਼ਨਰ ਛਿੜਕਿਆ ਪ੍ਰੰਤੂ ਦੋ ਤਿੰਨ ਦਿਨ ਬਾਅਦ ਜਦੋਂ ਬਦਬੂ ਜ਼ਿਆਦਾ ਹੋ ਗਈ ਤਾਂ ਉਸ ਨੇ ਆਪਣੇ ਪਿਤਾ ਨੂੰ ਸਾਰੀ ਗੱਲ ਦਸ ਦਿੱਤੀ ਜੋ ਪੱਛਮੀ ਬੰਗਾਲ ਵਿੱਚ ਫੌਜੀ ਜਵਾਨ ਵਜੋਂ ਤੈਨਾਤ ਹੈ । ਉਸ ਦੇ ਪਿਤਾ ਨੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਪੁਲਿਸ ਨੇ ਲਾਸ਼ ਬਰਾਮਦ ਕਰਕੇ ਇਸ ਦਾ ਪੋਸਟਮਾਰਟਮ ਕਰਵਾਇਆ ਅਤੇ ਇਹ ਨਾਬਾਲਗ ਪੁੱਤਰ ਹੁਣ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੰਦ ਹੈ । ਇਹੋ ਜਿਹੀ ਆਦਤ ਹੀ ਸਾਡੇ ਛੋਟੇ ਬੱਚਿਆਂ ਦੀ ਵੀ ਬਣਦੀ ਜਾ ਰਹੀ ਹੈ ਜਿਸ ਨਾਲ ਉਹਨਾਂ ਵੱਲੋਂ ਲੋੜ ਤੋਂ ਵੱਧ ਮੋਬਾਇਲ ਉੱਤੇ ਅੱਖਾਂ ਗੱਡ ਕੇ ਬੈਠੇ ਰਹਿਣ ਨਾਲ ਨਜ਼ਰਾਂ ਵੀ ਕਮਜ਼ੋਰ ਹੁੰਦੀਆਂ ਹਨ ਅਤੇ ਦਿਮਾਗੀ ਸੰਤੁਲਨ ਵੀ ਵਿਗੜਨ ਦਾ ਖਦਸ਼ਾ ਰਹਿੰਦਾ ਹੈ ਜਿਸ ਬਾਰੇ ਡਾਕਟਰਾਂ ਵੱਲੋਂ ਵੀ ਚੇਤਾਵਨੀ ਦਿੱਤੀ ਗਈ ਹੈ ਅਤੇ ਕਈ ਘਟਨਾਵਾਂ ਵੀ ਵਾਪਰਦੀਆਂ ਵੇਖੀਆਂ ਗਈਆਂ ਹਨ । ਬੇਸ਼ਕ ਵਿਗਿਆਨਕ ਅਤੇ ਵਿੱਦਿਅਕ ਤਰੀਕੇ ਨਾਲ ਮੋਬਾਇਲ ਦੀ ਕੀਤੀ ਵਰਤੋਂ ਠੀਕ ਵੀ ਹੈ ਪ੍ਰੰਤੂ ਫਿਰ ਵੀ ਸਾਵਧਾਨੀ ਵਰਤਣ ਦੀ ਲੋੜ ਹੈ ਕਿਉਂਕਿ ਬਹੁ ਗਿਣਤੀ ਨੌਜਵਾਨ ਤਾਂ ਕਰੀਬ ਗਲਤ ਵਰਤੋਂ ਹੀ ਕਰਦੇ ਹਨ ਜਿਸ ਲਈ ਬੱਚਿਆਂ ਦੇ ਮਾਂ ਬਾਪ ਵੱਲੋਂ ਚੌਕਸ ਰਹਿਣ ਦੀ ਜ਼ਰੂਰਤ ਹੈ । ਇਹ ਧਿਆਨ ਰੱਖਣ ਦੀ ਵੀ ਵਿਸ਼ੇਸ ਲੋੜ ਹੈ ਕਿ ਇਸ ਦੀ ਬੇਲੋੜੀ ਵਰਤੋਂ ਨਾਲ ਸਾਡੇ ਪਰਿਵਾਰਕ ਰਿਸ਼ਤੇ ਖਰਾਬ ਨਾ ਹੋਣ ਕਿਉਂਕਿ ਸਾਡੇ ਇਹ ਰਿਸ਼ਤੇ ਬੜੇ ਕੀਮਤੀ ਅਤੇ ਨਾਜ਼ੁਕ ਹੁੰਦੇ ਹਨ ਜਿੰਨਾਂ ਵਿੱਚ ਅੱਜ ਤਰੇੜਾਂ ਪੈ ਰਹੀਆਂ ਹਨ ਜਿਸਨੂੰ ਸੰਭਾਲਿਆ ਜਾਵੇ । ਇੱਕ ਵਿਦਵਾਨ ਨੇ ਵੀ ਕਿਹਾ ਹੈ ਕਿ : " ਸ਼ੀਸ਼ਾ ਔਰ ਰਿਸ਼ਤਾ ਦੋਨੋਂ ਬੜੇ ਨਾਜ਼ੁਕ ਹੋਤੇ ਹੈਂ ਪਰ ਫਰਕ ਸਿਰਫ ਇਤਨਾ ਹੈ ਦੋਨੋਂ ਮੇਂ, ਕਿ ਸ਼ੀਸ਼ਾ ਗਲਤੀ ਸੇ ਟੂਟ ਜਾਤਾ ਹੈ ਔਰ ਰਿਸ਼ਤਾ ਲਾਹਪਰਵਾਹੀ ਸੇ " । ਸਿਆਣੇ ਤਾਂ ਇਹ ਵੀ ਕਹਿੰਦੇ ਹਨ ਕਿ " ਰਿਸ਼ਤੇ ਕਦੀ ਵੀ ਕੁਦਰਤੀ ਮੌਤ ਨਹੀਂ ਮਰਦੇ, ਇੰਨ੍ਹਾਂ ਨੂੰ ਹਮੇਸ਼ਾ ਇਨਸਾਨ ਹੀ ਮਾਰਦਾ ਹੈ, ਨਫ਼ਰਤ ਨਾਲ, ਨਜ਼ਰ ਅੰਦਾਜ਼ੀ ਨਾਲ ਅਤੇ ਗਲਤ ਫਹਿਮੀ ਨਾਲ । " ਆਓ ਇੱਕ ਸ਼ਾਇਰ ਦੀਆਂ ਇਹ ਸਤਰਾਂ ਯਾਦ ਰੱਖੀਏ :

" ਤਲਾਸ਼ ਹੈ ਇਕ ਐਸੇ ਦਰਜੀ ਕੀ ਜੋ ਉਧੜੇ ਹੋਏ ਰਿਸ਼ਤੋਂ ਕੀ ਅੱਛੀ ਤਰਹ ਸੇ ਸਿਲਾਈ ਕਰਦੇ,
ਜੋ ਗਲਤ ਫਹਿਮੀ ਕੇ ਛੇਦੋਂ ਕੋ, ਪੂਰੀ ਸਫਾਈ ਕੇ ਸਾਥ ਰਫੂ ਕਰਦੇ । "

## ਸਫਾ 1 ਦੀ ਖਬਰ ਦਾ ਬਾਕੀ ਭਾਗ

ਦਫਤਰ ਹੈ,ਸੰਗਤ ਦੇ ਮਿਲ ਰਹੇ ਹੁੰਗਾਰੇ ਅਤੇ ਸਮਰਥਨ ਨਾਲ ਸ਼੍ਰੋਮਣੀ ਅਕਾਲੀ ਦਲ ਪੁਰਾਣੇ ਇਤਿਹਾਸ ਮੁਤਾਬਿਕ ਪੰਥ ਅਤੇ ਸੰਗਤ ਨੂੰ ਪ੍ਰਵਾਨ ਲੀਡਰਸ਼ਿਪ ਇਸ ਦੀ ਅਸਲੀ ਵਾਰਿਸ ਹੋਵੇਗੀ।

ਇਸ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰਦੇ ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਨਿੱਜ ਪ੍ਰਸਤ ਅਤੇ ਪਰਿਵਾਰ ਪ੍ਰਸਤ ਸੋਚ ਵਾਲੀ ਲੀਡਰਸ਼ਿਪ ਦੀ ਅਗਵਾਈ ਦਾ ਖੁਮਿਆਜਾ ਅੱਜ ਪੰਥ ਅਤੇ ਪੰਥ ਦੀ ਨੁਮਾਇੰਦਾ ਖੇਤਰੀ ਪਾਰਟੀ ਭੁਗਤ ਰਹੀ ਹੈ। ਜੱਥੇਦਾਰ ਝੂੰਦਾਂ ਨੇ ਕਿਹਾ ਕਿ, ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਪੂਰਤੀ ਇੰਨ ਬਿੰਨ ਹੋਵੇਗੀ। ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਅੱਜ ਪੰਥ ਦੀ ਨੁਮਾਇੰਦਾ ਜਮਾਤ ਉਪਰ ਕਾਬਜ ਅਖੌਤੀ ਅਤੇ ਗੁਰੂ ਤੋ ਮੂੰਹ ਫੇਰੀ ਲੀਡਰਸ਼ਿਪ ਫ਼ਸੀਲ ਤੇ ਬਣੀ ਕਮੇਟੀ ਮੈਂਬਰਾਂ ਦੀ ਭਾਵਨਾ, ਇਮਾਨਦਾਰੀ ਅਤੇ ਸਮਰਪਣ ਭਾਵਨਾ ਤੇ ਸਵਾਲ ਖੜ੍ਹੇ ਕਰਦੀ ਹੈ। ਸਰਦਾਰ ਝੂੰਦਾਂ ਨੇ ਅਖੌਤੀ ਲੀਡਰਸ਼ਿਪ ਨੂੰ ਦੋ ਟੁੱਕ ਜਵਾਬ ਦਿੰਦੇ ਕਿਹਾ ਕਿ, ਸਭ ਕੁਝ ਪੰਥ ਦੇ ਸਾਹਮਣੇ ਹੈ, ਫੈਸਲਾ ਪੰਥ ਨੇ ਕਰਨਾ ਹੈ। ਲੜਾਈ ਸਿਧਾਂਤਾ ਅਤੇ ਅਸੂਲਾਂ ਦੀ ਹੈ। ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਲੀਡਰਸ਼ਿਪ ਦੇਣ ਲਈ ਹਰ ਘਰ ਦੇ ਦਰਵਾਜੇ ਤੱਕ ਜਾਇਆ ਜਾਵੇਗਾ।

ਜੱਥੇਦਾਰ ਵਡਾਲਾ ਨੇ ਕਿਹਾ ਕਿ ਅੱਜ ਪੰਜਾਬ ਹੀ ਨਹੀਂ ਸਗੋ ਸਡੇ ਬਾਹਰ ਬੈਠੇ ਪੰਜਾਬੀਆਂ ਪਰਿਵਾਰਾਂ ਦੀ ਨਜਰ ਇਸ ਭਰਤੀ ਤੇ ਲੱਗੀ ਹੋਈ ਹੈ। ਸਭ ਚਾਹੁੰਦੇ ਹਨ ਕਿ ਪੰਜਾਬ ਅਤੇ ਪੰਥ ਨੂੰ ਅਜਿਹੀ ਲੀਡਰਸ਼ਿਪ ਮਿਲੇ ਜਿਹੜੀ ਟੁੱਟ ਚੁੱਕੇ ਸਿਆਸੀ ਵਿਸ਼ਵਾਸ ਦੀ ਪੂਰਤੀ ਕਰ ਸਕੇ।

ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਵਰਕਰ ਸਾਹਿਬਾਨਾਂ ਦੇ ਹਰ ਸਵਾਲ ਦਾ ਜਵਾਬ ਦਿੰਦੇ, ਵਰਕਰ ਸਾਹਿਬਾਨਾਂ ਦੇ ਤੌਖਲੇ ਨੂੰ ਦੂਰ ਕੀਤਾ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ ਅੱਜ ਹਰ ਪੰਜਾਬੀ ਚਾਹੁੰਦਾ ਹੈ ਕਿ ਉਸ ਦੀ ਆਪਣੀ ਸਿਆਸੀ ਤਾਕਤ ਮਜ਼ਬੂਤ ਹੋਵੇ। ਇਸ ਲਈ ਓਹਨਾ ਦੀ ਪੂਰੀ ਕੋਸ਼ਿਸ਼ ਹੈ ਸਰਵ ਪ੍ਰਵਾਨਿਤ ਲੀਡਰਸ਼ਿਪ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਦੇ ਹੋਏ, ਮਜ਼ਬੂਤ ਹੱਥਾਂ ਵਿੱਚ ਦਿੱਤਾ ਜਾਵੇ।

ਅੱਜ ਦੀ ਸਮੀਖਿਆ ਮੀਟਿੰਗ ਵਿੱਚ ਬਿਖਰੀ ਹੋਈ ਅਤੇ ਕਮਜੋਰ ਹੋਈ ਪੰਥਕ ਸ਼ਕਤੀ ਦੇ ਚਿੰਤਾ ਪ੍ਰਗਟ ਕਰਦੇ ਹੋਏ ਬੀਬੀ ਜਗੀਰ ਕੌਰ ਨੇ ਕਿਹਾ ਕਿ, ਪੰਥਕ ਹਲਕਿਆਂ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਅੱਜ ਹਰ ਸਿੱਖ ਚਿੰਤਤ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ, ਇਹ ਦਿਨ ਇਸ ਲਈ ਵੇਖਣ ਨੂੰ ਮਿਲ ਰਹੇ ਹਨ, ਕਿਉ ਸਾਡੀ ਆਪਣੀ ਨੁਮਾਇੰਦਾ ਸਿਆਸੀ ਜਮਾਤ ਦੀ ਲੀਡਰਸ਼ਿਪ ਨੇ ਖੁਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੇ ਪਹਿਰਾ ਨਹੀਂ ਦਿੱਤਾ।

ਇਸ ਸਮੀਖਿਆ ਮੀਟਿੰਗ ਵਿੱਚ ਆਪਣੇ ਸੁਝਾਅ ਪੇਸ਼ ਕਰਦੇ ਹੋਏ ਮਿਸਲ ਸਤਲੁਜ ਦੇ ਆਗੂ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਕਿਹਾ ਅੱਜ ਵੱਡੀ ਅਤੇ ਡੂੰਘੀ ਪੱਧਰ ਤੇ ਪੰਥਕ ਅਤੇ ਸਿਆਸੀ ਖਲਾਅ ਪੈਦਾ ਹੋ ਚੁੱਕਾ ਹੈ। ਇਸ ਖਲਾਅ ਨੂੰ ਪੂਰਾ ਕਰਨ ਦਾ ਸਹੀ ਰਸਤਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋ ਹੋਏ ਹੁਕਮਨਾਮਾ ਸਾਹਿਬ ਨੇ ਜਰੂਰ ਦਿਖਾ ਦਿੱਤਾ, ਪਰ ਹੁਣ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨਾ ਜਿੱਥੇ ਭਰਤੀ ਕਮੇਟੀ ਮੈਂਬਰਾਂ ਤੇ ਉਮੀਦ ਹੈ ਉਥੇ ਹੀ ਸੂਬੇ ਭਰ ਦੇ ਲੋਕਾਂ ਤੋਂ ਵੀ ਆਸ ਹੈ ਕਿ ਨਿਘਾਰੇ ਵੱਲ ਜਾ ਰਹੇ ਪੰਜਾਬ ਨੂੰ ਬਚਾਉਣ ਲਈ ਓਹਨਾ ਦਾ ਵੀ ਸਾਥ ਮਿਲੇਗਾ।

ਇਸ ਸਮੀਖਿਆ ਮੀਟਿੰਗ ਵਿੱਚ ਸਰਦਾਰ ਚਰਨਜੀਤ ਸਿੰਘ ਬਰਾੜ ਨੇ ਜਿੱਥੇ ਮੰਚ ਤੋਂ ਵਰਕਰ ਸਾਹਿਬਾਨਾਂ ਨੂੰ ਲੀਡਰਸ਼ਿਪ ਦੇ ਰੂਬਰੂ ਕਰਵਾਇਆ ਉਥੇ ਹੀ 18 ਮਾਰਚ ਤੋਂ ਲੈਕੇ ਹੁਣ ਤੱਕ ਭਰਤੀ ਸਬੰਧੀ ਭੇਜੀ ਗਈ ਮੈਂਬਰਸ਼ਿਪ ਅਤੇ ਵਾਪਿਸ ਆ ਚੁੱਕੀ ਭਰਤੀ ਦੀ ਜਾਣਕਾਰੀ ਵੀ ਲੀਡਰਸ਼ਿਪ ਅਤੇ ਵਰਕਰਾਂ ਨਾਲ ਸਾਂਝਾ ਕੀਤੀ ਗਈ।

ਅੱਜ ਦੀ ਅਹਿਮ ਸਮੀਖਿਆ ਮੀਟਿੰਗ ਵਿਚ ਸੂਬੇ ਭਰ ਤੋਂ ਜਿੱਥੇ ਸਰਗਰਮ ਵਰਕਰ ਸਾਹਿਬਾਨਾਂ ਨੇ ਹਾਜ਼ਰੀ ਲਗਵਾਈ ਉਥੇ ਹੀ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਐਸਜੀਪੀਸੀ ਪ੍ਰਧਾਨ,ਪਰਮਿੰਦਰ ਸਿੰਘ ਢੀਂਡਸਾ ਸਾਬਕਾ ਮੰਤਰੀ, ਬਲਦੇਵ ਸਿੰਘ ਮਾਨ ਸਾਬਕਾ ਮੰਤਰੀ,ਸਰਵਨ ਸਿੰਘ ਫਿਲੌਰ ਸਾਬਕਾ ਮੰਤਰੀ, ਜੱਥੇਦਾਰ ਸੁੱਚਾ ਸਿੰਘ ਛੋਟੇਪੁਰ,ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ, ਬੀਬੀ ਪਰਮਜੀਤ ਕੌਰ ਗੁਲਸ਼ਨ ਅਤੇ ਬੀਬੀ ਸਤਵਿੰਦਰ ਕੌਰ ਧਾਲੀਵਾਲ ਸਾਬਕਾ ਸਾਂਸਦ, ਜਸਟਿਸ ਨਿਰਮਲ ਸਿੰਘ ਸਾਬਕਾ ਵਿਧਾਇਕ,ਬਾਬੂ ਪ੍ਰਕਾਸ਼ ਚੰਦ ਗਰਗ ਸਾਬਕਾ ਵਿਧਾਇਕ, ਸੁਖਵਿੰਦਰ ਸਿੰਘ ਔਲਖ ਸਾਬਕਾ ਵਿਧਾਇਕ,ਬਰਜਿੰਦਰ ਸਿੰਘ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ,ਐਸਜੀਪੀਸੀ,ਕਰਨੈਲ ਸਿੰਘ ਪੀਰਮੁਹੰਮਦ, ਰਾਜ ਬਲਵਿੰਦਰ ਸਿੰਘ ਮਰਾੜ, ਗੁਰਿੰਦਰ ਸਿੰਘ ਗੋਗੀ ਸਮੇਤ ਹਰ ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਹਾਜ਼ਰ ਰਹੀ।

# ਝੱਖੜ ਕਾਰਨ ਮੁਹਾਲੀ ਤੇ ਜ਼ੀਰਕਪੁਰ 'ਚ ਬਿਜਲੀ 'ਗੁੱਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਜ਼ੀਰਕਪੁਰ (ਹਰਜੀਤ ਸਿੰਘ): ਸ਼ਹਿਰ ਵਿੱਚ ਬਿਜਲੀ ਕੱਟਾਂ ਨੂੰ ਲੈ ਕੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਵਰਕੌਮ ਵੱਲੋਂ ਬਿਨਾਂ ਅਗਾਊਂ ਜਾਣਕਾਰੀ ਦਿੱਤੇ ਰੋਜ਼ਾਨਾ ਘੰਟਿਆਂਬੱਧੀ ਕੱਟ ਲਾਏ ਜਾ ਰਹੇ ਹਨ। ਲੰਘੇ ਕਲ੍ਹ ਆਈ ਤੇਜ਼ ਹਨੇਰੀ ਕਾਰਨ ਸ਼ਹਿਰ ਦੇ ਜ਼ਿਆਦਾਤਰ ਹਿੱਸੇ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ ਜੋ ਅੱਜ ਬਹਾਲ ਹੋਈ। ਇਥੋਂ ਦੇ ਲੋਹਗੜ੍ਹ ਖੇਤਰ ਵਿੱਚ ਬਿਜਲੀ ਦੀਆਂ ਤਾਰਾਂ 'ਤੇ ਦਰਖ਼ਤ ਡਿੱਗਣ ਕਾਰਨ ਸਾਢੇ 22 ਘੰਟੇ ਬਿਜਲੀ ਸਪਲਾਈ ਠੱਪ ਰਹੀ ਜਿਸ ਕਾਰਨ ਲੋਕਾਂ ਨੂੰ ਬਿਨਾਂ ਬਿਜਲੀ ਤੋਂ ਭਾਰੀ ਪ੍ਰੇਸ਼ਾਨੀ ਵਿੱਚ ਸਮਾਂ ਲੰਘਾਉਣਾ ਪਿਆ। ਲੋਹਗੜ੍ਹ ਖੇਤਰ ਵਿੱਚ ਲੰਘੇ ਕਲ੍ਹ ਸ਼ਾਮ ਬਿਜਲੀ ਸਪਲਾਈ ਠੱਪ ਹੋਈ ਸੀ ਜੋ ਅੱਜ ਸਾਢੇ 22 ਘੰਟੇ ਬਾਅਦ ਦੁਪਹਿਰ ਸਾਢੇ ਤਿੰਨ ਵਜੇ ਬਹਾਲ ਹੋਈ। ਇਸ ਦੌਰਾਨ ਸਰਵ ਮੰਗਲ ਸੁਸਾਇਟੀ, ਗੋਲਡਨ ਹੋਮਸ ਸੁਸਾਇਟੀ, ਪਿੰਡ ਲੋਹਗੜ੍ਹ ਦਾ ਵੱਡਾ ਹਿੱਸਾ, ਵੀ.ਆਈ.ਪੀ. ਰੋਡ ਦਾ ਹਿੱਸਾ ਸਣੇ ਹੋਰਨਾਂ ਲੋਹਗੜ੍ਹ ਖੇਤਰ ਦੀ ਸੁਸਾਇਟੀਆਂ ਅਤੇ ਕਲੋਨੀਆਂ ਵਿੱਚ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਝੱਲਣੀ ਪਈ। ਦੂਜੇ ਪਾਸੇ ਸ਼ਹਿਰ ਦੇ ਹੋਰਨਾਂ ਖੇਤਰ ਵਿੱਚ ਬਿਜਲੀ ਦੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ ਹਨ। ਲੋਕਾਂ ਨੇ ਦੋਸ਼ ਲਾਇਆ ਕਿ ਪਾਵਰਕੌਮ ਦੇ ਅਧਿਕਾਰੀਆਂ ਵੱਲੋਂ ਫੋਨ ਵੀ ਨਹੀਂ ਚੁੱਕਿਆ ਜਾਂਦਾ ਤਾਂ ਜੋ ਲੋਕਾਂ ਨੂੰ ਬਿਜਲੀ ਦੇ ਕੱਟ ਬਾਰੇ ਸਹੀ ਜਾਣਕਾਰੀ ਮਿਲ ਸਕੇ। ਪਾਵਰਕੌਮ ਦੇ ਐਸਡੀਓ ਵੱਲੋਂ ਵਾਰ ਵਾਰ ਕਰਨ 'ਤੇ ਵੀ ਫੋਨ ਨਹੀਂ ਚੁੱਕਿਆ ਗਿਆ। ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਸ਼ਹਿਰ ਵਿੱਚ ਬਿਜਲੀ ਦੀ ਸੁਚਾਰੂ ਸਪਲਾਈ ਲਈ ਪਾਵਰਕੌਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਵੀ ਅਧਿਕਾਰੀ ਲਾਪ੍ਰਵਾਹੀ ਵਰਤੇਗਾ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਏਗੀ।

## ਖਰੜ ਵਿੱਚ ਬਿਜਲੀ ਕੱਟਾਂ ਖ਼ਿਲਾਫ਼ ਡਟੀ ਕਾਂਗਰਸ

ਖਰੜ (ਸ਼ਸ਼ੀ ਪਾਲ ਜੈਨ): ਵਿਧਾਨ ਸਭਾ ਹਲਕਾ ਖਰੜ ਦੇ ਪਿੰਡ ਹਸਨਪੁਰ ਵਿਖੇ ਜ਼ਿਲ੍ਹਾ ਕਾਂਗਰਸ ਕਮੇਟੀ ਮੁਹਾਲੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਦੀ ਅਗਵਾਈ ਹੇਠ ਮੀਟਿੰਗ ਹੋਈ। ਮੀਟਿੰਗ ਵਿੱਚ ਕਾਂਗਰਸੀ ਵਰਕਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਭ ਤੋਂ ਵੱਡਾ ਮੁੱਦਾ ਬਿਜਲੀ ਦੀ ਭਾਰੀ ਕਟੌਤੀ ਅਤੇ ਅਣਐਲਾਨੇ ਕੱਟਾਂ ਦਾ ਸੀ। ਲੋਕ ਪ੍ਰੇਸ਼ਾਨ ਹਨ ਕਿ ਗਰਮੀ ਦੇ ਮੌਸਮ ਵਿੱਚ ਬਿਜਲੀ ਦੀ ਲਗਾਤਾਰ ਘਾਟ ਨੇ ਉਨ੍ਹਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਹੈ। ਜੀਤੀ ਪਡਿਆਲਾ ਨੇ ਕਿਹਾ ਕਿ ਪੰਜਾਬ ਦੇ ਲੋਕ ਬਿਜਲੀ ਦੇ ਕੱਟਾਂ ਤੋਂ ਬਹੁਤ ਹੀ ਦੁਖੀ ਹਨ। ਗਰਮੀਆਂ ਦੀ ਸ਼ੁਰੂਆਤ ਹੋ ਚੁੱਕੀ ਹੈ ਪਰ ਸਰਕਾਰ ਬਿਜਲੀ ਸਪਲਾਈ ਨੂੰ ਲੈ ਕੇ ਨਾਕਾਮ ਸਾਬਤ ਹੋ ਰਹੀ ਹੈ। ਬਿਜਲੀ ਵਿਭਾਗ ਦੀ ਨਾਕਾਮੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਹ ਸਰਕਾਰ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀ ਕਰਨ ਵਿੱਚ ਨਾਕਾਮ ਸਾਬਿਤ ਹੋਈ ਹੈ। ਦੂਜੇ ਪਾਸੇ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੀ ਆਵਾਜ਼ ਬਣੀ ਹੈ।

# ਸੰਗਰੂਰ ਵਿੱਚ ਮਾਓਵਾਦੀਆਂ ਦੇ ਕਤਲੇਆਮ ਵਿਰੁੱਧ ਰੋਹ ਭਰਪੂਰ ਕਨਵੈਨਸ਼ਨ ਤੇ ਮੁਜ਼ਾਹਰਾ

## ਓਪਰੇਸ਼ਨ ਕਗਾਰ ਅਤੇ ਕਤਲੇਆਮ ਬੰਦ ਕਰੇ ਭਾਜਪਾ ਸਰਕਾਰ: ਡਾਕਟਰ ਨਵਸ਼ਰਨ






“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 9463601616
hardipchumber57@gmail.com

ਦਲਜੀਤ ਕੌਰ

ਸੰਗਰੂਰ, 22 ਮਈ, 2025: “ਬਸਤਰ ਵਿਚ ਚੋਟੀ ਦੇ ਮਾਓਵਾਦੀ ਆਗੂ ਕਾਮਰੇਡ ਕੇਸ਼ਵ ਰਾਓ ਸਮੇਤ 27 ਲੋਕਾਂ ਦਾ ਕਤਲੇਆਮ ਖਣਿਜਾਂ ਉੱਪਰ ਕਾਰਪੋਰੇਟ ਕਬਜ਼ੇ ਲਈ ਦਹਾਕਿਆਂ ਤੋਂ ਆਪਣੇ ਲੋਕਾਂ ਵਿਰੁੱਧ ਭਾਰਤੀ ਰਾਜ ਵਲੋਂ ਲੜੀ ਜਾ ਰਹੀ ਜੰਗ ਦਾ ਸਿਖਰ ਹੈ। ਲੋਕਾਂ ਨੂੰ ਸਰਕਾਰੀ ਬਿਰਤਾਂਤ ਪਿਛਲੀ ਇਹ ਹਕੀਕਤ ਸਮਝਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਦਾ ਇਹ ਰੋਹ ਸੜਕਾਂ ਉੱਪਰ ਉਸ ਵਕਤ ਉਮੜਿਆ ਹੈ ਜਦੋਂ ਪ੍ਰਧਾਨ ਮੰਤਰੀ ਅਤੇ ਹੋਰ ਸਿਖ਼ਰਲੇ ਹੁਕਮਰਾਨਾਂ ਵਲੋਂ ਕਤਲੇਆਮ ਦੀ ਜੈ- ਜੈਕਾਰ ਕਰਦੇ ਹੋਏ ਸੁਰੱਖਿਆ ਬਲਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਲਾਸ਼ਾਂ ਉੱਪਰ ਜਸ਼ਨ ਮਨਾਏ ਜਾ ਰਹੇ ਹਨ।”

ਇਹ ਵਿਚਾਰ ਅੱਜ ਇੱਥੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ ਪਰੂਲ ਪੈਲੇਸ ਵਿਖੇ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਨੇ ਪੇਸ਼ ਕੀਤੇ। ਕਨਵੈਨਸ਼ਨ ਦੀ ਪ੍ਰਧਾਨਗੀ ਡਾ. ਨਵਸ਼ਰਨ, ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਕੀਤੀ।

ਇਸ ਮੌਕੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਡਾ. ਨਵਸ਼ਰਨ ਨੇ ਕਿਹਾ ਕਿ ‘ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ’ ਦੀ ਭਾਜਪਾ ਦੀ ਨੀਤੀ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਦਰਅਸਲ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਦੇ ਜਮਹੂਰੀ ਹੱਕ ਨੂੰ ਕੁਚਲਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉੱਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਹ ‘ਵਿਕਾਸ’ ਮਾਡਲ ਆਦਿਵਾਸੀਆਂ ਅਤੇ ਦੇਸ਼ ਦੇ ਹੋਰ ਲੋਕਾਂ ਨੂੰ ਮਨਜ਼ੂਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ ’ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ ’ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ ’ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਅਤੇ ‘ਓਪਰੇਸ਼ਨ ਕਗਾਰ’ ਵਰਗੇ ਨੀਮ-ਫ਼ੌਜੀ ਓਪਰੇਸ਼ਨ ਚਲਾਕੇ ਸੰਘਰਸ਼ਸ਼ੀਲ ਦੱਬੇ ਕੁਚਲੇ ਲੋਕਾਂ ਦੇ ਲਹੂ ਦੀਆਂ ਨਦੀਆਂ ਵਹਾਉਣ ਦੀ ਨੀਤੀ ’ਤੇ ਚੱਲ ਰਹੇ ਹਨ। ਮਾਓਵਾਦੀ ਪਾਰਟੀ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਘੋਰ ਹਕਾਰਤ ਨਾਲ ਨਜ਼ਰਅੰਦਾਜ਼ ਕਰਕੇ ਕਤਲੇਆਮ ਮਚਾਇਆ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦਾ ਵਿਰੋਧ ਕਾਰਪੋਰੇਟ ਪ੍ਰੋਜੈਕਟਾਂ ਲਈ ਅੜਿੱਕਾ ਨਾ ਬਣੇ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਕਿਹਾ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸੰਘਰਸ਼ਸ਼ੀਲ ਵਰਗਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਉਨ੍ਹਾਂ ਨੂੰ ਹੰਭਾ-ਥਕਾ ਕੇ ਵਹਿਸ਼ੀ ਜਬਰ ਰਾਹੀਂ ਕੁਚਲਣ ਨੂੰ ਨੀਤੀ ਅਪਣਾਈ ਹੋਈ ਹੈ। ਜਿਉਂਦ, ਚੰਦਭਾਨ ਜਾਂ ਸੰਗਰੂਰ ਭਗਵੰਤ ਮਾਨ ਸਰਕਾਰ ਕਿਸਾਨਾਂ ਅਤੇ ਦਲਿਤਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਨੰਗੇ ਚਿੱਟੇ ਹਮਲੇ ਉੱਪਰ ਉੱਤਰੀ ਹੋਈ ਹੈ। ਕਿਸਾਨ, ਮਜ਼ਦੂਰ ਜਥੇਬੰਦੀਆਂ ਉੱਪਰ ਪੁਲਿਸ ਕਟਕ ਚੜ੍ਹਾਏ ਜਾ ਰਹੇ ਹਨ। ਕਿਸਾਨ, ਮਜ਼ਦੂਰ ਅਤੇ ਸਮਾਜ ਦੇ ਕਿਸੇ ਵੀ ਹੋਰ ਮਿਹਨਤਕਸ਼ ਹਿੱਸੇ ਦੇ ਹੱਕੀ ਸੰਘਰਸ਼ ਪੰਜਾਬ ਸਰਕਾਰ ਦੇ ਉਸੇ ਤਰ੍ਹਾਂ ਨਿਸ਼ਾਨੇ ’ਤੇ ਹੈ ਜਿਵੇਂ ਕੇਂਦਰ ਵਿਚ ਸੱਤਾਧਾਰੀ ਭਗਵਾ ਹਕੂਮਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕ ਸੰਘਰਸ਼ਾਂ ਨੂੰ ਪੁਲਿਸ ਅਤੇ ਫ਼ੌਜੀ ਤਾਕਤ ਨਾਲ ਕੁਚਲ ਰਹੀ ਹੈ। ਪਿਛਲੇ ਸਮੇਂ ਤੋਂ ਆਦਿਵਾਸੀ ਇਲਾਕਿਆਂ ਵਿਚ ਲਗਾਤਾਰ ਕਤਲੇਆਮ ਦੇ ਸਮਾਂਤਰ ਪੰਜਾਬ ਵਿਚ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਨਕਸ਼ੇ-ਕਦਮਾਂ ’ਤੇ ਚੱਲਦਿਆਂ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਘਰਸ਼ਸ਼ੀਲ ਲੋਕ ਹਿੱਸਿਆਂ ਦੇ ਹੱਕੀ ਸੰਘਰਸ਼ਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਦਬਾਉਣ ਲਈ ਸੂਬੇ ਨੂੰ ਪੁਲਿਸ ਰਾਜ ਵਿੱਚ ਬਦਲਿਆ ਗਿਆ ਹੈ। ਇਹ ਸੰਘਰਸ਼ ਅਤੇ ਜਥੇਬੰਦੀ ਦੇ ਜਮਹੂਰੀ ਹੱਕ ਉੱਪਰ ਤਾਨਾਸ਼ਾਹ ਹਮਲਾ ਹੈ। ਇਸਦਾ ਡੱਟ ਕੇ ਵਿਰੋਧ ਕਰਨਾ ਜ਼ਰੂਰੀ ਹੈ। ਇਸੇ ਲਈ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਆਵਾਜ਼ ਦਾ ਉੱਠਣਾ ਸਮੇਂ ਦੀ ਅਹਿਮ ਮੰਗ ਹੈ।

ਇਸ ਮੌਕੇ ਪੇਸ਼ ਕੀਤੇ ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ। ਆਦਿਵਾਸੀ ਇਲਾਕਿਆਂ ਵਿੱਚੋਂ ਸਕਿਉਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਜਮਹੂਰੀ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਰਾਜਨੀਤਕ ਕੈਦੀਆਂ ਤੇ ਆਮ ਲੋਕਾਂ ਨੂੰ ਰਿਹਾਅ ਕੀਤਾ ਜਾਵੇ। ਸਾਮਰਾਜੀਆਂ ਦੀ ਸ਼ਹਿ ਅਤੇ ਮੱਦਦ ਨਾਲ ਗਾਜ਼ਾ ਦੀਆਂ ਰਿਹਾਇਸ਼ੀ ਬਸਤੀਆਂ, ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ ਉੱਪਰ ਕੀਤੀ ਜਾ ਰਹੀ ਬੰਬਾਰੀ ਵਿਚ ਅਤੇ ਭੁੱਖਮਰੀ ਫੈਲਾ ਕੇ ਫਲਸਤੀਨੀ ਲੋਕਾਂ ਦੀ ਗਿਣੀ-ਮਿੱਥੀ ਨਸਲਕੁਸ਼ੀ ਤੁਰੰਤ ਬੰਦ ਕੀਤੀ ਜਾਵੇ ਅਤੇ ਫਲਸਤੀਨ ਨੂੰ ਆਜ਼ਾਦ ਕੀਤਾ ਜਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਵਿਚ ‘ਆਮ ਆਦਮੀ ਪਾਰਟੀ’ ਦੀ ਸਰਕਾਰ ਵੱਲੋਂ ਕਿਸਾਨ, ਮਜ਼ਦੂਰ ਸੰਘਰਸ਼ਾਂ ਉੱਪਰ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਦੀਆਂ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਵੱਡੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਸੰਘਰਸ਼ ਦੇ ਬੁਨਿਆਦੀ ਹੱਕ ਦੀ ਰਾਖੀ ਦੇ ਸਵਾਲ ਨੂੰ ਹੋਰ ਵੀ ਗੰਭੀਰਤਾ ਨਾਲ ਮੁਖ਼ਾਤਿਬ ਹੋਣ। ਇਸ ਜਾਬਰ ਹੱਲੇ ਦਾ ਮੁਕਾਬਲਾ ਸਾਰੀਆਂ ਜਨਤਕ ਜਮਹੂਰੀ ਤਾਕਤਾਂ ਵੱਲੋਂ ਇਕਜੁੱਟ ਹੋ ਕੇ ਕੀਤਾ ਜਾਵੇ ਅਤੇ ਜਿੱਥੇ ਕਿਤੇ ਵੀ ਕਿਸਾਨ, ਮਜ਼ਦੂਰ ਜਾਂ ਕਿਸੇ ਹੋਰ ਜਥੇਬੰਦੀਆਂ ਨੂੰ ਪੁਲਿਸ ਰਾਜ ਵੱਲੋਂ ਦਬਾਇਆ ਜਾ ਰਿਹਾ ਹੈ, ਉਨ੍ਹਾਂ ਨਾਲ ਆਪਣੀ ਸਾਂਝ ਅਤੇ ਇਕਮੁੱਠਤਾ ਪ੍ਰਗਟਾਉਣ ਲਈ ਧੜੱਲੇ ਨਾਲ ਅੱਗੇ ਆਇਆ ਜਾਵੇ। ਇਕ ਹੋਰ ਮਤੇ ਰਾਹੀਂ ਸੀ.ਪੀ.ਆਈ. (ਮਾਓਵਾਦੀ) ਦੇ ਜਨਰਲ ਸਕੱਤਰ ਕਾ. ਕੇਸ਼ਵ ਰਾਓ ਸਮੇਤ 27 ਮਾਓਵਾਦੀ ਆਗੂਆਂ ਦੀ ਕਥਿਤ ਮੁਕਾਬਲੇ ਵਿਚ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਭਾਜਪਾ ਸਰਕਾਰ ਵੱਲੋਂ ਫ਼ੌਜੀ ਓਪਰੇਸ਼ਨ ਰਾਹੀਂ ਕਤਲੇਆਮ ਜਾਰੀ ਰੱਖਣ ਤੋਂ ਸਪਸ਼ਟ ਹੈ ਕਿ ਹਕੂਮਤ ਦਾ ਇੱਕੋਇਕ ਮਨੋਰਥ ਇਨਕਲਾਬੀ ਤਾਕਤਾਂ ਦਾ ਜਿਸਮਾਨੀ ਸਫ਼ਾਇਆ ਕਰਕੇ ਭਾਰਤੀ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਨੰਗੇ ਅਨਿਆਂ ਤੇ ਲੁੱਟਖਸੁੱਟ ਦਾ ਬੇਕਿਰਕ ਰਾਜ ਅਜਿੱਤ ਹੈ ਅਤੇ ਦੱਬੇਕੁਚਲੇ ਤੇ ਮਿਹਨਤਕਸ਼ ਹਿੱਸਿਆਂ ਨੂੰ ਜਥੇਬੰਦ ਸੰਘਰਸ਼ ਤੇ ਮੁਕਤੀ ਦਾ ਸੁਪਨਾ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ। ਫਾਸ਼ੀਵਾਦੀ ਹਕੂਮਤ ਨੂੰ ਇਤਿਹਾਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ। ਜਿਸਮਾਨੀ ਕਤਲੇਆਮ ਬਿਹਤਰੀ ਜ਼ਿੰਦਗੀ ਲਈ ਸਮਾਜਿਕ ਤਬਦੀਲੀ ਦੀ ਮਨੁੱਖੀ ਰੀਝ ਦਾ ਬੀਜ-ਨਾਸ਼ ਨਹੀਂ ਕਰ ਸਕਦੇ। ਜਦੋਂ ਤੱਕ ਲੋਟੂ-ਜਾਬਰ ਰਾਜ ਪ੍ਰਬੰਧ ਹੈ, ਲੋਕ ਇਸ ਨੂੰ ਕਿਸੇ ਨਾ ਕਿਸੇ ਰੂਪ ’ਚ ਅਜਿਹੇ ਆਦਮਖ਼ੋਰ ਪ੍ਰਬੰਧ ਨਾਲ ਟੱਕਰ ਲੈਂਦੇ ਰਹਿਣਗੇ। ਕਨਵੈਨਸ਼ਨ ਵੱਲੋਂ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਫ਼ੌਜੀ ਓਪਰੇਸ਼ਨਾਂ ਅਤੇ ਗ਼ੈਰਅਦਾਲਤੀ ਸਜ਼ਾਵਾਂ ਦਾ ਤਾਨਾਸ਼ਾਹ ਸਿਲਸਿਲਾ ਬੰਦ ਕਰੇ ਅਤੇ ਭਾਰਤੀ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਮਾਓਵਾਦੀ ਪਾਰਟੀ ਸਮੇਤ ਹਥਿਆਰਬੰਦ ਟਾਕਰਾ ਲਹਿਰਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰੇ। ਕਨਵੈਨਸ਼ਨ ਤੋਂ ਬਾਦ ਸ਼ਹਿਰ ਵਿਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਤੋਂ ਇਲਾਵਾ ਇਸ ਖੇਤਰ ਦੀਆਂ ਬਹੁਤ ਸਾਰੀਆਂ ਇਨਸਾਫ਼ਪਸੰਦ ਜਮਹੂਰੀ, ਸਾਹਿਤਿਕ ਸ਼ਖ਼ਸੀਅਤਾਂ ਹਾਜ਼ਰ ਸਨ। ਇਨਕਲਾਬੀ ਗਾਇਕ ਜੁਗਰਾਜ ਧੌਲਾ, ਇਕਬਾਲ ਕੌਰ ਉਦਾਸੀ, ਜਗਸੀਰ ਜੀਦਾ, ਅਜਮੇਰ ਅਕਲੀਆ, ਕਸਤੂਰੀ ਲਾਲ ਨੇ ਇਨਕਲਾਬੀ ਗੀਤ ਪੇਸ਼ ਕੀਤੇ।

# ਰਾਜਿੰਦਰ ਹਸਪਤਾਲ ਵਿਖੇ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦਾ ਪ੍ਰਬੰਧ: ਪੰਜਾਬ

## ਪਟੀਸ਼ਨਕਰਤਾ ਨੂੰ ਨਵੀਂ ਪਟੀਸ਼ਨ ਦਾਇਰ ਕਰਨ ਦੀ ਇਜਾਜ਼ਤ, ਅਰਜ਼ੀ ਖਾਰਜ ਕਰ ਦਿੱਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 9463601616
hardipchumber57@gmail.com

ਪੰ ਜਾ ਬ - ਹ ਰਿ ਆ ਣਾ ਹਾਈ ਕੋਰਟ ਨੇ 15 ਅਪ੍ਰੈਲ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ’ਚ ਇੱਕ ਵਾਰ ਫਿਰ ਬਿਜਲੀ ਗੁੱਲ ਹੋਣ ਦੀ ਘਟਨਾ ਸੰਬੰਧੀ ਮੁੱਖ ਜਨਹਿੱਤ ਪਟੀਸ਼ਨ ’ਤੇ ਮੁੜ ਸੁਣਵਾਈ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ ਅਤੇ ਪਟੀਸ਼ਨਕਰਤਾ ਨੂੰ ਨਵੀਂ ਪਟੀਸ਼ਨ ਦਾਇਰ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਹਸਪਤਾਲ ਵਿੱਚ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇ ਪ੍ਰਬੰਧ ਕੀਤੇ ਗਏ ਹਨ।

ਵਕੀਲ ਸੁਨੈਨਾ ਨੇ ਇਹ ਮੁੱਦਾ ਇੱਕ ਜਨਹਿੱਤ ਪਟੀਸ਼ਨ ਰਾਹੀਂ ਉਠਾਇਆ ਹੈ। ਪਟੀਸ਼ਨ ’ਚ ਦੱਸਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਵੀ 4 ਫਰਵਰੀ ਨੂੰ ਰਾਜਿੰਦਰਾ ਹਸਪਤਾਲ ਵਿੱਚ 10 ਤੋਂ 15 ਮਿੰਟ ਲਈ ਬਿਜਲੀ ਬੰਦ ਰਹੀ ਸੀ, ਜਿਸ ਕਾਰਨ ਮਰੀਜ਼ਾਂ ਅਤੇ ਸਟਾਫ਼ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਅਦਾਲਤ ਨੂੰ ਇਹ ਵੀ ਯਾਦ ਦਿਵਾਇਆ ਗਿਆ ਕਿ 25 ਫਰਵਰੀ ਨੂੰ, ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੇ ਇੱਕ ਹਲਫ਼ਨਾਮਾ ਦਾਇਰ ਕਰਕੇ ਵਾਅਦਾ ਕੀਤਾ ਸੀ ਕਿ ਹਸਪਤਾਲ ਦੇ ਸਾਰੇ ਬਲਾਕਾਂ ਅਤੇ ਵਾਰਡਾਂ ਵਿੱਚ ਡੀਜੀ ਸੈੱਟ ਅਤੇ ਆਟੋ ਸਵਿੱਚਓਵਰ ਸਿਸਟਮ ਦੀ ਸਥਾਪਨਾ 1 ਮਾਰਚ ਤੱਕ ਪੂਰੀ ਹੋ ਜਾਵੇਗੀ। ਜਦੋਂ ਹਾਈ ਕੋਰਟ ਨੇ ਸਰਕਾਰ ਅਤੇ ਪੀਐਸਪੀਸੀਐਲ ਤੋਂ ਜਵਾਬ ਮੰਗਿਆ ਤਾਂ ਇਸਨੂੰ ਰੁਟੀਨ ਰੱਖ-ਰਖਾਅ ਕਹਿ ਕੇ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਇਹ ਸਪੱਸ਼ਟ ਨਹੀਂ ਕਰ ਸਕੇ ਕਿ ਇਸ ਸਮੇਂ ਦੌਰਾਨ ਬੈਕਅੱਪ ਸਪਲਾਈ ਕਿਉਂ ਸ਼ੁਰੂ ਨਹੀਂ ਕੀਤੀ ਗਈ।

ਪਟੀਸ਼ਨਕਰਤਾ ਨੇ ਕਿਹਾ ਕਿ ਉਸਨੇ ਆਟੋ ਸਵਿੱਚਓਵਰ ਦੀ ਸਥਿਤੀ ਜਾਣਨ ਲਈ ਸੂਚਨਾ ਅਧਿਕਾਰ ਕਾਨੂੰਨ ਤਹਿਤ ਅਰਜ਼ੀ ਦਿੱਤੀ ਸੀ, ਪਰ ਉਸਨੂੰ ਕੋਈ ਜਵਾਬ ਨਹੀਂ ਮਿਲਿਆ। ਅਦਾਲਤ ਦੇ ਸਾਹਮਣੇ ਇੱਕ ਵਾਇਰਲ ਵੀਡੀਓ ਵੀ ਲਿਆਂਦਾ ਗਿਆ ਜਿਸ ਵਿੱਚ ਡਾਕਟਰ ਬਿਜਲੀ ਦੇ ਵਾਰ-ਵਾਰ ਹੋਣ ਵਾਲੇ ਟ੍ਰਿਪਿੰਗ ਅਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਦਿਖਾਈ ਦੇ ਰਹੇ ਸਨ।

ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਨਾ ਸਿਰਫ਼ ਰਾਜਿੰਦਰਾ ਹਸਪਤਾਲ ਵਿੱਚ, ਸਗੋਂ ਪੰਜਾਬ ਦੇ ਸਾਰੇ ਸਰਕਾਰੀ ਅਤੇ ਅਰਧ-ਸਰਕਾਰੀ ਹਸਪਤਾਲਾਂ ਵਿੱਚ, ਖਾਸ ਕਰਕੇ ਆਪ੍ਰੇਸ਼ਨ ਥੀਏਟਰਾਂ ਅਤੇ ਐਮਰਜੈਂਸੀ ਵਾਰਡਾਂ ਵਰਗੇ ਸੰਵੇਦਨਸ਼ੀਲ ਖੇਤਰਾਂ ਵਿੱਚ, ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ। ਪੰਜਾਬ ਸਰਕਾਰ ਨੇ ਦੱਸਿਆ ਕਿ ਹਸਪਤਾਲ ਵਿੱਚ 9 ਨਿਰਵਿਘਨ ਬਿਜਲੀ ਸਪਲਾਈ (ਯੂਪੀਐਸ) ਯੂਨਿਟ ਪਹਿਲਾਂ ਹੀ ਸਥਾਪਿਤ ਕੀਤੇ ਜਾ ਚੁੱਕੇ ਹਨ।

ਇਸ ਤੋਂ ਇਲਾਵਾ, ਰਾਜਿੰਦਰ ਹਸਪਤਾਲ ਦੇ ਅੰਦਰ 9 ਹੋਰ ਨਾਜ਼ੁਕ ਖੇਤਰਾਂ ਵਿੱਚ ਯੂਪੀਐਸ ਸਿਸਟਮ ਦਾ ਵਿਸਤਾਰ ਕੀਤਾ ਗਿਆ ਹੈ। ਬਿਜਲੀ ਸਪਲਾਈ ਸੰਬੰਧੀ ਚਿੰਤਾਵਾਂ ਨੂੰ ਦੂਰ ਕਰਨ ਲਈ 25 ਜਨਵਰੀ 2025 ਨੂੰ ਮਾਨਯੋਗ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਅਤੇ ਉਸੇ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਮੀਟਿੰਗ ਹੋਈ। ਇਹ ਫੈਸਲਾ ਕੀਤਾ ਗਿਆ ਕਿ 25 ਜਨਵਰੀ, 2025 ਤੋਂ, ਰਾਜੇਂਦਰ ਹਸਪਤਾਲ ਵਿਖੇ ਡੀਜੀ ਸੈੱਟਾਂ ਦੀ ਦੇਖਭਾਲ, ਸੇਵਾ ਅਤੇ ਮੁਰੰਮਤ ਦਾ ਕੰਮ ਇਲੈਕਟ੍ਰੀਕਲ ਡਿਵੀਜ਼ਨ, ਪੀਡਬਲਯੂਡੀ ਬੀ ਐਂਡ ਆਰ, ਪਟਿਆਲਾ ਦੁਆਰਾ ਕੀਤਾ ਜਾਵੇਗਾ। ਐਮਰਜੈਂਸੀ ਬਲਾਕ, ਮਦਰ ਐਂਡ ਚਾਈਲਡ ਕੇਅਰ ਬਲਾਕ, ਐਕਸ-ਰੇ ਅਤੇ ਓਪੀਡੀ ਬਲਾਕ, ਐਮਆਰਆਈ, ਜਨਰਲ ਵਾਰਡ ਆਦਿ ਵਰਗੇ ਮਹੱਤਵਪੂਰਨ ਬਲਾਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਡੀਜੀ ਸੈੱਟ ਆਟੋਮੈਟਿਕ ਸਵਿੱਚਓਵਰ ਵਿਧੀ ਨਾਲ ਲੈਸ ਹਨ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਬੰਬ ਦੀ ਧਮਕੀ

## ਬਾਰ ਐਸੋਸੀਏਸ਼ਨ ਨੇ ਇਹਤਿਆਤ ਵਜੋਂ ਕੋਰਟ ਰੂਮ ਖਾਲੀ ਕਰਵਾਏ, ਬਾਅਦ ਦੁਪਹਿਰ 2 ਵਜੇ ਮੁੜ ਸ਼ੁਰੂ ਹੋਵੇਗੀ ਕੋਰਟ ਦੀ ਕਾਰਵਾਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 9463601616
hardipchumber57@gmail.com



ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅੱਜ ਸਵੇਰੇ ਬੰਬ ਦੀ ਧਮਕੀ ਮਗਰੋਂ ਅਫ਼ਰਾ ਤਫ਼ਰੀ ਵਾਲਾ ਮਾਹੌਲ ਬਣ ਗਿਆ। ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਫੌਰੀ ਐਡਵਾਈਜ਼ਰੀ ਜਾਰੀ ਕਰਦਿਆਂ ਬਾਰ ਮੈਂਬਰਾਂ ਨੂੰ ਕੋਰਟ ਰੂਮ ਖਾਲੀ ਕਰਨ ਲਈ ਆਖਿਆ ਹੈ।

ਬਾਰ ਐਸੋਸੀਏਸ਼ਨ ਨੇ ਨੋਟਿਸ ਵਿਚ ਸਾਰੇ ਮੈਂਬਰਾਂ ਨੂੰ ਚੌਕਸੀ ਵਰਤਣ ਦੀ ਅਪੀਲ ਕਰਦਿਆਂ ਇਹਤਿਆਤੀ ਉਪਰਾਲੇ ਵਜੋਂ ਅਦਾਲਤਾਂ ਨੂੰ ਫੌਰੀ ਖਾਲੀ ਕਰਨ ਦੀ ਬੇਨਤੀ ਕੀਤੀ ਹੈ।

ਨੋਟਿਸ ਵਿੱਚ ਲਿਖਿਆ ਹੈ, ‘‘ਜੇ ਕੋਈ ਸ਼ੱਕੀ ਜਾਂ ਲਾਵਾਰਸ ਚੀਜ਼ ਅਹਾਤੇ ਦੇ ਅੰਦਰ ਮਿਲਦੀ ਹੈ ਤਾਂ ਕ੍ਰਿਪਾ ਕਰਕੇ ਫੌਰੀ ਹਾਈ ਕੋਰਟ ਬਾਰ ਐਸੋਸੀਏਸ਼ਨ, ਚੰਡੀਗੜ੍ਹ ਦੇ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।’’

ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਗਗਨਦੀਪ ਜੰਮੂ ਨੇ ਇਕ ਸੁਨੇਹੇ ਵਿਚ ਕਿਹਾ ਕਿ ਅਦਾਲਤੀ ਕਾਰਵਾਈ ਬਾਅਦ ਦੁਪਹਿਰ 2:00 ਵਜੇ ਮੁੜ ਸ਼ੁਰੂ ਹੋਵੇਗੀ। ਸੁਰੱਖਿਆ ਕਰਮਚਾਰੀਆਂ ਨੂੰ ਚੌਕਸ ਰਹਿਣ ਦੀ ਹਦਾਇਤ ਕੀਤੀ ਗਈ ਹੈ ਅਤੇ ਇਮਾਰਤ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

# ਪਾਣੀ ਵਿਵਾਦ- ਪਾਕਿਸਤਾਨ ਵਿੱਚ ਘਰੇਲੂ ਯੁੱਧ ਸ਼ੁਰੂ ਹੋ ਗਿਆ- ਬਲੋਚਿਸਤਾਨ ਅਤੇ ਸਿੰਧ ਆਜ਼ਾਦੀ 'ਤੇ ਅੜੇ ਹਨ



**ਭਾਰਤ ਨਾਲ ਟਕਰਾਅ ਵਿੱਚ ਘਿਰੇ ਪਾਕਿਸਤਾਨ ਦੇ ਸ਼ਾਸਕਾਂ ਲਈ ਬੁਰੀ ਖ਼ਬਰ ਆਈ- ਖੈਬਰ ਪਖਤੂਨ, ਬਲੋਚਿਸਤਾਨ ਅਤੇ ਸਿੰਧ ਨੇ ਹਿੰਸਕ ਢੰਗ ਨਾਲ ਆਜ਼ਾਦੀ ਲਈ ਆਵਾਜ਼ ਬੁਲੰਦ ਕੀਤੀ- ਗ੍ਰਹਿ ਮੰਤਰੀ ਦੇ ਘਰ ਨੂੰ ਸਾੜਨ ਤੱਕ ਦੀ ਸਥਿਤੀ ਆਈ , ਭਾਰਤ ਨਾਲ ਤਣਾਅ ਦੇ ਵਿਚਕਾਰ, 1972 ਵਿੱਚ ਵੱਖਰੇ ਸਿੰਧੂ ਦੇਸ਼ ਦੀ ਮੰਗ ਨੂੰ ਲੈ ਕੇ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਇਆ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ**

ਗੋਂਡੀਆ- ਜੇਕਰ ਅਸੀਂ ਵਿਸ਼ਵ ਪੱਧਰ 'ਤੇ ਦਹਾਕਿਆਂ ਪਹਿਲਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ, ਤਾਂ ਸਾਨੂੰ ਬਹੁਤ ਸਾਰੇ ਦੇਸ਼ ਮਿਲਣਗੇ ਜੋ ਪਹਿਲਾਂ ਇੱਕਜੁੱਟ ਦੇਸ਼ ਸਨ, ਫਿਰ ਇਨ੍ਹਾਂ ਦੇਸ਼ਾਂ ਦੇ ਰਾਜਨੀਤਿਕ ਹਿੱਤਾਂ ਕਾਰਨ, ਘਰੇਲੂ ਯੁੱਧ ਹੁੰਦੇ ਰਹੇ ਅਤੇ ਦੇਸ਼ ਟੁੱਟਦੇ ਰਹੇ, ਜਿਸਦੀ ਸੰਪੂਰਨ ਉਦਾਹਰਣ ਸੰਯੁਕਤ ਰੂਸ, ਸੰਯੁਕਤ ਭਾਰਤ ਹੈ। ਜੇਕਰ ਅਸੀਂ ਅਣਵੰਡੇ ਭਾਰਤ ਵੱਲ ਵੇਖੀਏ, ਤਾਂ ਇਸ ਵਿੱਚ ਪਾਕਿਸਤਾਨ ਦੇ ਨਾਲ-ਨਾਲ ਮੌਜੂਦਾ ਕੁਝ ਦੇਸ਼ ਸ਼ਾਮਲ ਸਨ, ਜਿਨ੍ਹਾਂ ਨੂੰ ਲਾਰਡ ਮਾਊਂਟਬੈਟਨ ਨੇ ਆਗੂਆਂ ਵਿਚਕਾਰ ਆਪਸੀ ਗੱਲਬਾਤ ਰਾਹੀਂ ਇੱਕ ਪ੍ਰਕਿਰਿਆਤਮਕ ਤਰੀਕੇ ਨਾਲ ਵੱਖ ਕੀਤਾ ਸੀ, ਜਦੋਂ ਕਿ 1912 ਵਿੱਚ, ਸਿੰਧ, ਗੁਜਰਾਤ ਅਤੇ ਮੁੰਬਈ ਬੰਬਈ ਪ੍ਰੈਜ਼ੀਡੈਂਸੀ ਦੇ ਅਧੀਨ ਆ ਗਏ ਸਨ। ਫਿਰ 1928 ਵਿੱਚ, ਬ੍ਰਿਟਿਸ਼ ਸਰਕਾਰ ਅੱਗੇ ਇੱਕ ਵੱਖਰਾ ਸਿੰਧ ਸੂਬਾ ਬਣਾਉਣ ਦੀ ਮੰਗ ਕੀਤੀ ਗਈ ਅਤੇ ਆਪਣੀਆਂ ਸਿਫਾਰਸ਼ਾਂ ਕਰਨ ਲਈ ਇੱਕ ਕਮੇਟੀ ਬਣਾਈ ਗਈ। ਫਿਰ 1936 ਵਿੱਚ, ਸਿੰਧ ਨੂੰ ਮੁੰਬਈ ਪ੍ਰੈਜ਼ੀਡੈਂਸੀ ਤੋਂ ਵੱਖ ਕਰਕੇ ਇੱਕ ਰਾਜ ਬਣਾਇਆ ਗਿਆ। ਹਾਲਾਂਕਿ, ਮੁੰਬਈ ਪ੍ਰੈਜ਼ੀਡੈਂਸੀ ਵਿੱਚ ਬਹੁਗਿਣਤੀ ਹਿੰਦੂ ਸੀ ਅਤੇ ਬਾਕੀ ਮੁਸਲਮਾਨ, ਜੈਨ, ਸਿੱਖ ਅਤੇ ਈਸਾਈ ਮੁਕਾਬਲਤਨ ਘੱਟ ਆਬਾਦੀ ਵਿੱਚ ਸਨ। ਫਿਰ 1941 ਵਿੱਚ, ਸਿੰਧ ਰਾਜ ਵਿੱਚ ਮੁਸਲਿਮ ਆਬਾਦੀ 72 ਪ੍ਰਤੀਸ਼ਤ ਅਤੇ ਹਿੰਦੂ ਆਬਾਦੀ 26 ਪ੍ਰਤੀਸ਼ਤ ਹੋ ਗਈ, ਜਿਸਦਾ ਅਰਥ ਹੈ ਕਿ ਸਿੰਧ ਰਾਜ ਦੇ ਗਠਨ ਤੋਂ ਬਾਅਦ ਮੁੰਬਈ ਪ੍ਰੈਜ਼ੀਡੈਂਸੀ ਵਿੱਚ ਬਹੁਗਿਣਤੀ ਘੱਟ ਗਿਣਤੀ ਬਣ ਗਈ। 1947 ਵਿੱਚ, ਲਾਰਡ ਮਾਊਂਟਬੈਟਨ ਨੇ ਭਾਰਤ ਦੀ ਵੰਡ ਨੂੰ ਮਨਜ਼ੂਰੀ ਦਿੱਤੀ, ਫਿਰ 26 ਜੂਨ 1947 ਨੂੰ, ਸਿੰਧ ਅਸੈਂਬਲੀ ਨੇ ਪਾਕਿਸਤਾਨ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ, ਫਿਰ ਵੰਡ ਤੋਂ ਬਾਅਦ, 1947-48 ਵਿੱਚ 2 ਲੱਖ ਹਿੰਦੂਆਂ ਦਾ ਕਤਲੇਆਮ ਕੀਤਾ ਗਿਆ। ਯਾਨੀ, ਜੇਕਰ ਆਗੂਆਂ ਨੇ ਮੁੰਬਈ ਪ੍ਰੈਜ਼ੀਡੈਂਸੀ ਨੂੰ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੁੰਦਾ ਜਿਸ ਵਿੱਚ ਗੁਜਰਾਤ, ਮੁੰਬਈ ਅਤੇ ਸਿੰਧ ਸ਼ਾਮਲ ਸਨ, ਜਿੱਥੇ ਬਹੁਗਿਣਤੀ ਹਿੰਦੂ ਸੀ, ਤਾਂ ਅੱਜ ਪੂਰਾ ਸਿੰਧ ਭਾਰਤ ਦਾ ਹਿੱਸਾ ਹੁੰਦਾ। ਅੱਜ ਅਸੀਂ ਇਸ ਇਤਿਹਾਸਕ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਪਾਕਿਸਤਾਨ ਦੇ ਖੈਬਰ ਪਖਤੂਨ, ਬਲੋਚਿਸਤਾਨ ਤੋਂ ਬਾਅਦ ਹੁਣ ਸਿੰਧ ਪ੍ਰਾਂਤ ਵੀ ਆਜ਼ਾਦੀ ਲਈ ਤਿੱਖਾ ਅੰਦੋਲਨ ਕਰ ਰਿਹਾ ਹੈ। ਹਾਲਾਂਕਿ ਇਹ ਅੰਦੋਲਨ 1972 ਵਿੱਚ ਹੀ ਨੇਤਾ ਜੀ.ਐਮ. ਸਈਦ ਨੇ ਸ਼ੁਰੂ ਕੀਤਾ ਸੀ। ਪਰ ਹੁਣ ਸਿੰਧ ਵਿੱਚ, ਚੋਲਿਸਤਾਨ ਨਹਿਰ ਪ੍ਰੋਜੈਕਟ ਚੱਲ ਰਿਹਾ ਹੈ ਜਿਸ ਨਾਲ ਸਿੰਧ ਤੋਂ ਪੰਜਾਬ ਤੱਕ 176 ਕਿਲੋਮੀਟਰ ਲੰਬਾਈ ਦੀਆਂ 6 ਨਵੀਆਂ ਨਹਿਰਾਂ ਭੇਜੀਆਂ ਜਾ ਰਹੀਆਂ ਹਨ, ਜੋ ਕਿ ਅੱਜ ਦੀ ਚੰਗਿਆੜੀ ਹੈ, ਦੂਜਾ, ਭਾਰਤ ਵੱਲੋਂ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨਾ ਵੀ ਪਾਣੀ ਸੰਕਟ ਦਾ ਇੱਕ ਕਾਰਨ ਹੈ। ਕਿਉਂਕਿ ਭਾਰਤ ਨਾਲ ਤਣਾਅ ਦੇ ਵਿਚਕਾਰ, ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਵੱਖਰਾ ਸਿੰਧੂ ਦੇਸ਼ ਬਣਾਉਣ ਦੀ ਮੰਗ ਕਰਨ ਵਾਲਾ ਇੱਕ ਵਿਸ਼ਾਲ ਅੰਦੋਲਨ ਅਤੇ ਪ੍ਰਦਰਸ਼ਨ ਸ਼ੁਰੂ ਹੋਇਆ ਸੀ ਜੋ 1972 ਤੋਂ ਚੱਲ ਰਿਹਾ ਹੈ ਅਤੇ ਭਾਰਤ ਨਾਲ ਟਕਰਾਅ ਵਿੱਚ ਉਲਝੇ ਪਾਕਿਸਤਾਨੀ ਸ਼ਾਸਕਾਂ ਨੂੰ ਬੁਰੀ ਖ਼ਬਰ ਮਿਲੀ, ਅੱਜ ਪਾਕਿਸਤਾਨ ਬਲੋਚਿਸਤਾਨ ਸਿੰਧ ਦੀ ਆਜ਼ਾਦੀ ਲਈ ਇੱਕ ਭਿਆਨਕ ਅੰਦੋਲਨ ਖੜ੍ਹਾ ਕੀਤਾ ਜਾ ਰਿਹਾ ਹੈ, ਸਥਿਤੀ ਗ੍ਰਹਿ ਮੰਤਰੀ ਦੇ ਘਰ ਨੂੰ ਸਾੜਨ ਤੱਕ ਆ ਗਈ, ਇਸ ਲਈ ਅੱਜ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਇਸ ਲੇਖ ਰਾਹੀਂ ਅਸੀਂ ਪਾਣੀ ਦੇ ਵਿਵਾਦ, ਪਾਕਿਸਤਾਨ ਵਿੱਚ ਸ਼ੁਰੂ ਹੋਏ ਘਰੇਲੂ ਯੁੱਧ, ਬਲੋਚਿਸਤਾਨ ਅਤੇ ਸਿੰਧ ਦੀ ਆਜ਼ਾਦੀ 'ਤੇ ਪ੍ਰਭਾਵ ਬਾਰੇ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ ਪਾਕਿਸਤਾਨ ਵਿੱਚ ਸਿੰਧ ਦੀ ਆਜ਼ਾਦੀ ਲਈ ਤੇਜ਼ ਅੰਦੋਲਨ ਦੀ ਗੱਲ ਕਰੀਏ, ਤਾਂ ਭਾਰਤ ਨਾਲ ਤਣਾਅ ਦੇ ਵਿਚਕਾਰ, ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਵੱਖਰਾ ਸਿੰਧੂਦੇਸ਼ ਬਣਾਉਣ ਲਈ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਲੋਕ ਆਫ਼ਤ ਵਿੱਚ ਮੌਕਾ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅਜਿਹਾ ਲੱਗਦਾ ਹੈ ਕਿ ਉਹ ਭਾਰਤ ਦੇ ਹਮਲੇ ਦੀ ਉਡੀਕ ਕਰ ਰਹੇ ਹਨ ਤਾਂ ਜੋ ਉਹ ਪਾਕਿਸਤਾਨ ਤੋਂ ਵੱਖ ਹੋ ਸਕਣ ਅਤੇ ਆਪਣੇ ਵੱਖ-ਵੱਖ ਸੂਬਿਆਂ ਲਈ ਇੱਕ ਵੱਖਰਾ ਦੇਸ਼ ਬਣਾ ਸਕਣ। ਸਿੰਧੂਦੇਸ਼ ਦੀ ਮੰਗ ਦਾ ਅਰਥ ਹੈ ਸਿੰਧੀਆਂ ਲਈ ਇੱਕ ਵੱਖਰਾ ਦੇਸ਼ ਬਣਾਉਣਾ, ਜਿੱਥੇ ਲੋਕਾਂ ਨਾਲ ਕੋਈ ਵਿਤਕਰਾ ਨਾ ਹੋਵੇ ਅਤੇ ਉਨ੍ਹਾਂ ਨੂੰ ਪਾਕਿ ਫੌਜ ਦੁਆਰਾ ਤਸੀਹੇ ਨਾ ਦਿੱਤੇ ਜਾਣ। ਇਹ ਮੰਨਿਆ ਜਾਂਦਾ ਹੈ ਕਿ ਸਿੰਧੂਦੇਸ਼ ਦੀ ਸਿਰਜਣਾ ਦੀ ਮੰਗ ਪਾਕਿਸਤਾਨੀ ਫੌਜ ਦੀਆਂ ਦਮਨਕਾਰੀ ਨੀਤੀਆਂ ਦਾ ਨਤੀਜਾ ਹੈ, ਜਿਸ 'ਤੇ ਪਾਕਿਸਤਾਨੀ ਪੰਜਾਬੀਆਂ ਦਾ ਕੰਟਰੋਲ ਹੈ। ਭਾਰਤ ਨਾਲ ਟਕਰਾਅ ਵਿੱਚ ਉਲਝੇ ਪਾਕਿਸਤਾਨ ਨੂੰ ਆਪਣੇ ਘਰੇਲੂ ਮੋਰਚੇ 'ਤੇ ਇੱਕ ਹੋਰ ਬੁਰੀ ਖ਼ਬਰ ਮਿਲੀ ਹੈ। ਪਾਕਿਸਤਾਨ ਵਿੱਚ ਬਲੋਚਾਂ ਤੋਂ ਬਾਅਦ ਹੁਣ ਸਿੰਧ ਖੇਤਰ ਵਿੱਚ ਆਜ਼ਾਦੀ ਦੀ ਮੰਗ ਉੱਠਣ ਲੱਗੀ ਹੈ। ਸਿੰਧ ਵਿੱਚ ਬਹੁਤ ਸਾਰੇ ਲੋਕਾਂ ਨੇ ਆਪਣੇ ਅਧਿਕਾਰਾਂ ਅਤੇ ਆਜ਼ਾਦੀ ਦੀ ਮੰਗ ਕਰਦੇ ਹੋਏ ਇੱਕ ਅੰਦੋਲਨ ਸ਼ੁਰੂ ਕੀਤਾ ਹੈ। ਸਿੰਧੂ ਰਾਸ਼ਟਰ ਦੀ ਵਕਾਲਤ ਕਰਨ ਵਾਲੇ ਇੱਕ ਵੱਡੇ ਸਮੂਹ ਨੇ ਹਾਲ ਹੀ ਵਿੱਚ ਵਿਸ਼ਾਲ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕੀਤੇ। ਇਸ ਵਿੱਚ ਲਾਪਤਾ ਸਿੰਧੀ ਰਾਸ਼ਟਰਵਾਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ ਸੀ। ਇਸ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦਾ ਮੁੱਦਾ ਵੀ ਉਠਾਇਆ ਗਿਆ। ਸਿੰਧ ਸੂਬੇ ਵਿੱਚ ਆਜ਼ਾਦੀ ਦੀ ਮੰਗ ਬਲੋਚਿਸਤਾਨ ਵਾਂਗ ਹੀ ਤੇਜ਼ ਹੋ ਗਈ ਹੈ। ਜੈ ਸਿੰਧ ਆਜ਼ਾਦੀ ਅੰਦੋਲਨ ਨੇ ਇੱਕ ਸ਼ਾਂਤਮਈ ਧਰਨਾ ਦਿੱਤਾ। ਇਸ ਪ੍ਰਦਰਸ਼ਨ ਦੌਰਾਨ ਲਾਪਤਾ ਅਤੇ ਜੇਲ੍ਹਾਂ ਵਿੱਚ ਬੰਦ ਰਾਸ਼ਟਰਵਾਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਸਿੰਧ ਅਤੇ ਬਲੋਚਿਸਤਾਨ ਵਿੱਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਨੂੰ ਵਿਸ਼ਵਵਿਆਪੀ ਤੌਰ 'ਤੇ ਉਜਾਗਰ ਕਰਨ ਦੀ ਮੰਗ ਕੀਤੀ। ਸਿੰਧ ਦੇ ਲੋਕ ਸਰਕਾਰੀ ਨੌਕਰੀਆਂ ਤਾਂ ਹੀ ਪ੍ਰਾਪਤ ਕਰ ਸਕਦੇ ਹਨ ਜੇਕਰ ਉਹ ਉਰਦੂ ਜਾਣਦੇ ਹਨ। ਇਨ੍ਹਾਂ ਘਟਨਾਵਾਂ ਨੇ ਸਿੰਧੀਆਂ ਵਿੱਚ ਬੇਗਾਨਗੀ ਦੀ ਭਾਵਨਾ ਨੂੰ ਲਗਾਤਾਰ ਵਧਾਇਆ ਹੈ। ਸਿੰਧ ਦੇ ਲੋਕਾਂ ਨੂੰ ਵੰਡ ਤੋਂ ਬਾਅਦ ਭਾਰਤ ਭੱਜਣ ਵਾਲੇ ਹਿੰਦੂਆਂ ਤੋਂ ਕੋਈ ਲਾਭ ਨਹੀਂ ਹੋਇਆ ਕਿਉਂਕਿ ਉਨ੍ਹਾਂ ਦੀਆਂ ਜਾਇਦਾਦਾਂ ਮੁਹਾਜਿਰਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਈਆਂ ਸਨ। ਇਸ ਤੋਂ ਇਲਾਵਾ, ਭਾਰਤ ਤੋਂ ਗਏ ਮੁਸਲਮਾਨ ਉਰਦੂ ਜਾਣਦੇ ਸਨ, ਇਸ ਲਈ ਉਨ੍ਹਾਂ ਨੇ ਸਿੰਧ ਸੂਬੇ ਦਾ ਪ੍ਰਸ਼ਾਸਨ ਸੰਭਾਲ ਲਿਆ।




ਦੋਸਤੋ, ਜੇਕਰ ਅਸੀਂ ਸਿੰਧ ਦੇ ਗੁੱਸੇ ਦੇ ਅਸਲ ਕਾਰਨ ਬਾਰੇ ਗੱਲ ਕਰੀਏ, ਤਾਂ ਚੋਲਿਸਤਾਨ ਨਹਿਰ ਪ੍ਰੋਜੈਕਟ ਇਸ ਅੱਗ ਦੀ ਚੰਗਿਆੜੀ ਹੈ। ਚੋਲਿਸਤਾਨ ਨਹਿਰ ਪ੍ਰੋਜੈਕਟ - ਸਿੰਧੂ ਨਦੀ ਦੇ ਪਾਣੀ, ਜਿਸਨੂੰ ਪਾਕਿਸਤਾਨ ਦੀ ਜੀਵਨ ਰੇਖਾ ਕਿਹਾ ਜਾਂਦਾ ਹੈ, ਨੂੰ ਪੰਜਾਬ ਦੇ ਚੋਲਿਸਤਾਨ ਮਾਰੂਥਲ ਤੱਕ ਲਿਜਾਣ ਲਈ, ਪਾਕਿਸਤਾਨ ਦੀ ਕੇਂਦਰ ਸਰਕਾਰ ਅਤੇ ਫੌਜ ਨੇ 176 ਕਿਲੋਮੀਟਰ ਲੰਬਾਈ ਦੀਆਂ ਛੇ ਨਹਿਰਾਂ ਬਣਾਉਣ ਦੀ ਯੋਜਨਾ ਬਣਾਈ, ਪਰ ਸਿੰਧ ਦੇ ਲੋਕ ਇਸਨੂੰ ਆਪਣੇ ਲਈ ਖ਼ਤਰਾ ਸਮਝਦੇ ਹਨ, ਕਿਉਂਕਿ ਸਿੰਧ ਦੀ ਖੇਤੀਬਾੜੀ, ਉੱਥੋਂ ਦੇ ਕਿਸਾਨ ਅਤੇ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਇਸ ਸਿੰਧੂ ਨਦੀ 'ਤੇ ਨਿਰਭਰ ਕਰਦੀ ਹੈ। ਜੇਕਰ ਇਸ ਪਾਣੀ ਨੂੰ ਪੰਜਾਬ ਵੱਲ ਮੋੜ ਦਿੱਤਾ ਜਾਂਦਾ ਹੈ, ਤਾਂ ਸਿੰਧ ਵਿੱਚ ਸੋਕਾ ਪੈ ਸਕਦਾ ਹੈ, ਫਸਲਾਂ ਤਬਾਹ ਹੋ ਸਕਦੀਆਂ ਹਨ ਅਤੇ ਪੂਰਾ ਇਲਾਕਾ ਮਾਰੂਥਲ ਬਣ ਸਕਦਾ ਹੈ। ਸਿੰਧ ਦੇ ਲੋਕ ਸੜਕਾਂ 'ਤੇ ਉਤਰ ਆਏ ਅਤੇ ਇਸ ਪ੍ਰੋਜੈਕਟ ਦਾ ਵਿਰੋਧ ਕੀਤਾ। ਸਿੰਧ ਦੇ ਕਿਸਾਨਾਂ ਨੂੰ ਡਰ ਹੈ ਕਿ ਉਨ੍ਹਾਂ ਦੀਆਂ ਫਸਲਾਂ ਮਰ ਜਾਣਗੀਆਂ, ਉਨ੍ਹਾਂ ਦੇ ਬੱਚੇ ਭੁੱਖੇ ਮਰ ਜਾਣਗੇ, ਅਤੇ ਇਹ ਸਿਰਫ਼ ਕਿਸਾਨ ਹੀ ਨਹੀਂ ਹਨ - ਰਾਜਨੀਤਿਕ ਪਾਰਟੀਆਂ, ਧਾਰਮਿਕ ਸੰਗਠਨ, ਵਕੀਲ ਅਤੇ ਕਾਰਕੁਨ ਸਾਰੇ ਇਸ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹਨ। ਹਿੰਸਾ ਅਤੇ ਰਾਜਨੀਤਿਕ ਹਫੜਾ-ਦਫੜੀ ਸਿੰਧ ਵਿੱਚ ਚੋਲਿਸਤਾਨ ਨਹਿਰ ਪ੍ਰੋਜੈਕਟ ਦੇ ਖਿਲਾਫ ਮਹੀਨਿਆਂ ਤੋਂ ਵਿਰੋਧ ਪ੍ਰਦਰਸ਼ਨ ਚੱਲ ਰਹੇ ਸਨ, ਪਿਛਲੇ ਮਹੀਨੇ ਪਾਕਿਸਤਾਨ ਦੀ ਸਾਂਝੀ ਹਿੱਤ ਪ੍ਰੀਸ਼ਦ ਨੇ ਇਸ ਪ੍ਰੋਜੈਕਟ ਨੂੰ ਰੱਦ ਕਰ ਦਿੱਤਾ ਸੀ, ਪਰ ਸਿੰਧ ਦੇ ਲੋਕ ਕਹਿੰਦੇ ਹਨ, ਸਾਨੂੰ ਭਰੋਸਾ ਨਹੀਂ ਹੈ, ਅਸੀਂ ਲਿਖਤੀ ਰੂਪ ਵਿੱਚ ਚਾਹੁੰਦੇ ਹਾਂ ਕਿ ਇਹ ਪ੍ਰੋਜੈਕਟ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇ, ਅਤੇ ਜਦੋਂ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ, ਤਾਂ ਗੁੱਸਾ ਭੜਕ ਉੱਠਿਆ,21 ਮਈ 2025 ਨੂੰ, ਪ੍ਰਦਰਸ਼ਨਕਾਰੀਆਂ ਨੇ ਗ੍ਰਹਿ ਰਾਜ ਮੰਤਰੀ ਦੇ ਘਰ ਨੂੰ ਵੀ ਸਾੜ ਦਿੱਤਾ, ਜੇਕਰ ਦੇਖਿਆ ਜਾਵੇ ਤਾਂ ਇਹ ਜਲ ਸੰਗਰਾਮ ਸਿਰਫ਼ ਪਾਣੀ ਦੀ ਲੜਾਈ ਨਹੀਂ ਹੈ। ਸਿੰਧ ਵਿੱਚ ਵੀ ਆਜ਼ਾਦੀ ਦੀਆਂ ਆਵਾਜ਼ਾਂ ਉੱਚੀਆਂ ਹੋ ਰਹੀਆਂ ਹਨ। ਜੈ ਸਿੰਧ ਆਜ਼ਾਦੀ ਅੰਦੋਲਨ ਨੇ 17 ਮਈ ਨੂੰ ਵੱਡੇ ਪ੍ਰਦਰਸ਼ਨ ਕੀਤੇ, ਜਿਸ ਵਿੱਚ ਲੋਕ ਸਿੰਧ ਦੀ ਖੁਦਮੁਖਤਿਆਰੀ ਅਤੇ ਪਾਕਿਸਤਾਨੀ ਫੌਜ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਸਨ। ਬਲੋਚਿਸਤਾਨ ਵਿੱਚ ਪਹਿਲਾਂ ਹੀ ਆਜ਼ਾਦੀ ਦੀ ਲਹਿਰ ਚੱਲ ਰਹੀ ਹੈ ਅਤੇ ਹੁਣ ਸਿੰਧ ਵੀ ਉਸੇ ਰਾਹ 'ਤੇ ਹੈ। ਸਿੰਧ ਵਿੱਚ ਵੀ ਆਜ਼ਾਦੀ ਦੀ ਮੰਗ ਕੀਤੀ ਜਾ ਰਹੀ ਹੈ। ਰਿਪੋਰਟਾਂ ਅਨੁਸਾਰ, ਸਿੰਧ ਸੂਬੇ ਵਿੱਚ ਪਾਣੀ ਦੀ ਕਮੀ ਨੂੰ ਲੈ ਕੇ ਲੋਕ ਲੰਬੇ ਸਮੇਂ ਤੋਂ ਗੁੱਸੇ ਵਿੱਚ ਹਨ। ਹਾਲਾਂਕਿ, ਇਸ ਸਮੇਂ ਸਿੰਧ ਸੂਬੇ ਵਿੱਚ ਜਿਸ ਤਰ੍ਹਾਂ ਦਾ ਮਾਹੌਲ ਹੈ, ਉਸ ਨੂੰ ਦੇਖਦੇ ਹੋਏ, ਅਜਿਹੀਆਂ ਘਟਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇੱਥੇ, ਸ਼ਾਂਤਮਈ ਅੰਦੋਲਨਾਂ ਅਤੇ ਪ੍ਰਦਰਸ਼ਨਾਂ ਰਾਹੀਂ ਵੀ, ਲੋਕ ਪਾਕਿਸਤਾਨ ਤੋਂ ਵੱਖ ਹੋਣ ਦੀ ਮੰਗ ਕਰ ਰਹੇ ਹਨ। ZSF M ਯਾਨੀ ਜੈ ਸਿੰਧ ਆਜ਼ਾਦੀ ਅੰਦੋਲਨ ਦੇ ਲੋਕਾਂ ਨੇ ਹਾਲ ਹੀ ਵਿੱਚ ਇਸ ਮੰਗ ਲਈ ਪਾਕਿਸਤਾਨ ਦੇ ਮੁੱਖ ਰਾਜਮਾਰਗ 'ਤੇ ਪ੍ਰਦਰਸ਼ਨ ਕੀਤਾ, ਜਿਸ ਵਿੱਚ ਸੈਂਕੜੇ ਕਾਰਕੁਨਾਂ ਨੇ ਹਿੱਸਾ ਲਿਆ।

ਦੋਸਤੋ, ਜੇਕਰ ਅਸੀਂ ਪਾਕਿਸਤਾਨ ਵਿੱਚ ਪਾਣੀ ਦੇ ਸੰਕਟ ਦੇ ਸਮੇਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਕੇ ਭਾਰਤ ਵੱਲੋਂ ਕੀਤੇ ਗਏ ਦੋ-ਪੱਖੀ ਪ੍ਰਭਾਵ ਬਾਰੇ ਗੱਲ ਕਰੀਏ, ਤਾਂ ਪਾਕਿਸਤਾਨ ਟੂਡੇ ਦੇ ਅਨੁਸਾਰ, ਸਿੰਧ ਪ੍ਰਾਂਤ ਪਹਿਲਾਂ ਹੀ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। 1999 ਅਤੇ 2023 ਦੇ ਵਿਚਕਾਰ, ਸਿੰਧ ਨੂੰ ਔਸਤਨ 40 ਪ੍ਰਤੀਸ਼ਤ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪਿਆ, ਜਦੋਂ ਕਿ ਪੰਜਾਬ ਨੂੰ 15 ਪ੍ਰਤੀਸ਼ਤ ਦੀ ਕਮੀ ਦਾ ਸਾਹਮਣਾ ਕਰਨਾ ਪਿਆ। ਇਸ ਪਾਣੀ ਦੇ ਸੰਕਟ ਕਾਰਨ, 25 ਲੱਖ ਏਕੜ ਅੰਬ ਦੇ ਬਾਗ ਅਤੇ ਹੋਰ ਫਸਲਾਂ ਸੁੱਕਣ ਦੇ ਕੰਢੇ ਹਨ। ਇਸ ਤੋਂ ਇਲਾਵਾ, ਸਮੁੰਦਰੀ ਪਾਣੀ ਦੇ ਕਬਜ਼ੇ ਕਾਰਨ ਤੱਟਵਰਤੀ ਖੇਤਰਾਂ ਵਿੱਚ ਖੇਤੀਬਾੜੀ ਜ਼ਮੀਨਾਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਸਿੰਧ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਨਾਗਰਿਕ ਸੰਗਠਨਾਂ ਅਤੇ ਕਿਸਾਨ ਯੂਨੀਅਨਾਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਹਨ। ਪੀਪੀਪੀ ਪਾਰਟੀ ਨੇ ਲਰਕਾਨਾ ਤੋਂ ਥੱਟਾ ਤੱਕ ਰੈਲੀਆਂ ਦਾ ਆਯੋਜਨ ਕੀਤਾ, ਜਦੋਂ ਕਿ ਸਿੰਧ ਯੂਨਾਈਟਿਡ ਪਾਰਟੀ, ਸਿੰਧ ਅਬਾਦਗਰ ਇੱਤੇਹਾਦ ਅਤੇ ਜੀਏ ਸਿੰਧ ਕੌਮੀ ਮਹਾਜ਼ ਵਰਗੀਆਂ ਸੰਸਥਾਵਾਂ ਨੇ ਵੀ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ।

ਦੋਸਤੋ, ਜੇਕਰ ਅਸੀਂ ਗ੍ਰਹਿ ਮੰਤਰੀ ਦੇ ਘਰ ਨੂੰ ਸਾੜਨ ਦੀ ਗੰਭੀਰ ਘਟਨਾ ਦੀ ਗੱਲ ਕਰੀਏ, ਤਾਂ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਪਾਣੀ ਨੂੰ ਲੈ ਕੇ ਭਾਰੀ ਹਿੰਸਾ ਹੋਈ ਹੈ। ਕਈ ਹਫ਼ਤਿਆਂ ਤੋਂ ਚੱਲ ਰਿਹਾ ਪਾਣੀ ਦਾ ਸੰਕਟ ਹੁਣ ਹਿੰਸਕ ਹੋ ਗਿਆ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਸਿੰਧ ਸੂਬੇ ਦੇ ਗ੍ਰਹਿ ਮੰਤਰੀ ਦੇ ਗ੍ਰਹਿ ਜ਼ਿਲ੍ਹੇ ਨੌਸ਼ਹਿਰੋ ਫਿਰੋਜ਼ ਦੇ ਮੋਰੋ ਕਸਬੇ ਵਿੱਚ ਮੰਗਲਵਾਰ ਨੂੰ ਝੜਪਾਂ ਦੌਰਾਨ ਇੱਕ ਪ੍ਰਦਰਸ਼ਨਕਾਰੀ ਮਾਰਿਆ ਗਿਆ। ਇਸ ਤੋਂ ਇਲਾਵਾ, ਸਿੰਧ ਸੂਬੇ ਦੇ ਗ੍ਰਹਿ ਮੰਤਰੀ ਦੇ ਘਰ ਨੂੰ ਪ੍ਰਦਰਸ਼ਨਕਾਰੀਆਂ ਨੇ ਸਾੜ ਦਿੱਤਾ ਹੈ, ਅਤੇ ਅਰਾਜਕਤਾ ਦਾ ਮਾਹੌਲ ਦੇਖਿਆ ਜਾ ਰਿਹਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਪਾਣੀ ਵਿਵਾਦ - ਪਾਕਿਸਤਾਨ ਵਿੱਚ ਘਰੇਲੂ ਯੁੱਧ ਸ਼ੁਰੂ ਹੋ ਗਿਆ - ਬਲੋਚਿਸਤਾਨ ਅਤੇ ਸਿੰਧ ਨੇ ਆਜ਼ਾਦੀ 'ਤੇ ਜ਼ੋਰ ਦਿੱਤਾ - ਭਾਰਤ ਨਾਲ ਟਕਰਾਅ ਵਿੱਚ ਉਲਝੇ ਪਾਕਿਸਤਾਨੀ ਸ਼ਾਸਕਾਂ ਲਈ ਬੁਰੀ ਖ਼ਬਰ ਆਈ - ਖੈਬਰ ਪਖਤੂਨ, ਬਲੋਚਿਸਤਾਨ ਅਤੇ ਸਿੰਧ ਨੇ ਹਿੰਸਕ ਢੰਗ ਨਾਲ ਆਜ਼ਾਦੀ ਲਈ ਆਪਣੀ ਆਵਾਜ਼ ਬੁਲੰਦ ਕੀਤੀ - ਸਥਿਤੀ ਗ੍ਰਹਿ ਮੰਤਰੀ ਦੇ ਘਰ ਨੂੰ ਸਾੜਨ ਤੱਕ ਪਹੁੰਚ ਗਈ। ਭਾਰਤ ਨਾਲ ਤਣਾਅ ਦੇ ਵਿਚਕਾਰ, 1972 ਤੋਂ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਵੱਖਰਾ ਸਿੰਧੂ ਦੇਸ਼ ਬਣਾਉਣ ਦੀ ਮੰਗ ਕਰਦੇ ਹੋਏ ਇੱਕ ਵਿਸ਼ਾਲ ਅੰਦੋਲਨ ਵਿੱਚ ਪ੍ਰਦਰਸ਼ਨ ਸ਼ੁਰੂ ਹੋ ਗਏ।

-ਕੰਪਾਈਲਰ ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

# ਸੁਪਰੀਮ ਕੋਰਟ ਨੇ ਅੰਤਰਿਮ ਹੁਕਮ ਰਾਖਵਾਂ ਰੱਖਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਸੁਪਰੀਮ ਕੋਰਟ ਨੇ ਵਕਫ਼ (ਸੋਧ) ਕਾਨੂੰਨ, 2025 ਦੀ ਸੰਵਿਧਾਨਿਕ ਵੈਧਿਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਮਗਰੋਂ ਅੱਜ ਤਿੰਨ ਮੁੱਦਿਆਂ 'ਤੇ ਆਪਣਾ ਅੰਤਰਿਕ ਹੁਕਮ ਰਾਖਵਾਂ ਰੱਖ ਲਿਆ, ਜਿਸ ਵਿੱਚ 'ਅਦਾਲਤਾਂ ਵੱਲੋਂ ਵਕਫ਼, ਵਕਫ਼ ਬਾਇ ਯੂਜ਼ਰ ਜਾਂ ਵਕਫ਼ ਬਾਇ ਡੀਡ' "waqf by courts, waqf-by-user or waqf by deed" ਐਲਾਨੀਆਂ ਜਾਇਦਾਦਾਂ ਨੂੰ ਗ਼ੈਰ-ਅਧਿਸੂਚਿਤ (denotify) ਕਰਨ ਦੀ ਸ਼ਕਤੀ ਵੀ ਸ਼ਾਮਲ ਹੈ।

ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਵਕਫ਼ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਤਰਫ਼ੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ, ਰਾਜੀਵ ਧਵਨ ਅਤੇ ਅਭਿਸ਼ੇਕ ਸਿੰਘਵੀ ਅਤੇ ਕੇਂਦਰ ਦੀ ਅਗਵਾਈ ਕਰ ਰਹੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ਲਗਾਤਾਰ ਤਿੰਨ ਦਿਨ ਤੱਕ ਸੁਣੀਆਂ, ਜਿਸ ਮਗਰੋਂ ਆਪਣਾ ਅੰਤਰਿਮ ਹੁਕਮ ਸੁਰੱਖਿਅਤ ਰੱਖ ਲਿਆ।

ਆਖ਼ਰੀ ਦਿਨ CJI ਨੇ ਕਿਹਾ, "ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਸੰਵਿਧਾਨਕਤਾ ਦੀ ਧਾਰਨਾ ਹੈ।" 20 ਮਈ ਨੂੰ, CJI ਨੇ ਇਹੀ ਗੱਲ ਨੋਟ ਕਰਦਿਆਂ ਕਿਹਾ, "ਅੰਤਰਿਮ ਰਾਹਤ ਲਈ, ਤੁਹਾਨੂੰ ਇੱਕ ਬਹੁਤ ਮਜ਼ਬੂਤ ਅਤੇ ਸਪੱਸ਼ਟ ਕੇਸ ਬਣਾਉਣਾ ਪਵੇਗਾ। ਨਹੀਂ ਤਾਂ ਸੰਵਿਧਾਨਕਤਾ ਦੀ ਧਾਰਨਾ ਹੋਵੇਗੀ।"

ਬੈਂਚ ਨੇ ਪਹਿਲਾਂ ਤਿੰਨ ਮੁੱਦਿਆਂ ਦੀ ਪਛਾਣ ਕੀਤੀ ਸੀ, ਜਿਨ੍ਹਾਂ 'ਤੇ ਪਟੀਸ਼ਨਕਰਤਾਵਾਂ ਦੁਆਰਾ ਅੰਤਰਿਮ ਆਦੇਸ਼ ਪਾਸ ਕਰਨ ਲਈ ਸਟੇਅ ਦੀ ਮੰਗ ਕੀਤੀ ਗਈ ਸੀ।

ਨੋਟੀਫਿਕੇਸ਼ਨ ਦੇ ਮੁੱਦੇ ਤੋਂ ਇਲਾਵਾ ਪਟੀਸ਼ਨਕਰਤਾਵਾਂ ਨੇ ਰਾਜ ਵਕਫ਼ ਬੋਰਡਾਂ ਅਤੇ ਕੇਂਦਰੀ ਵਕਫ਼ ਕੌਂਸਲ ਦੀ ਬਣਤਰ 'ਤੇ ਸਵਾਲ ਉਠਾਏ ਹਨ, ਜਿੱਥੇ ਉਨ੍ਹਾਂ ਦਲੀਲ ਦਿੱਤੀ ਕਿ ਅਹੁਦੇਦਾਰ ਮੈਂਬਰਾਂ ਨੂੰ ਛੱਡ ਕੇ ਸਿਰਫ਼ ਮੁਸਲਮਾਨਾਂ ਨੂੰ ਹੀ ਕੰਮ ਕਰਨਾ ਚਾਹੀਦਾ ਹੈ।

ਤੀਜਾ ਮੁੱਦਾ ਇੱਕ ਉਪਬੰਧ ਨਾਲ ਸਬੰਧਤ ਹੈ ਜੋ ਕਹਿੰਦਾ ਹੈ ਕਿ ਵਕਫ਼ ਜਾਇਦਾਦ ਨੂੰ ਵਕਫ਼ ਨਹੀਂ ਮੰਨਿਆ ਜਾਵੇਗਾ, ਜਦੋਂ ਕੁਲੈਕਟਰ ਇਹ ਪਤਾ ਲਗਾਉਣ ਲਈ ਜਾਂਚ ਕਰਦਾ ਹੈ ਕਿ ਕੀ ਜਾਇਦਾਦ ਸਰਕਾਰੀ ਜ਼ਮੀਨ ਹੈ।

ਕੇਂਦਰ ਨੇ ਇਸ ਉਪਬੰਧ ਦਾ ਦ੍ਰਿੜ੍ਹਤਾ ਨਾਲ ਸਮਰਥਨ ਕਰਦਿਆਂ ਕਿਹਾ ਕਿ ਵਕਫ਼ ਆਪਣੇ ਸੁਭਾਅ ਤੋਂ ਇੱਕ 'ਧਰਮ ਨਿਰਪੱਖ ਸੰਕਲਪ' ਸੀ ਅਤੇ 'ਸੰਵਿਧਾਨਕਤਾ ਦੀ ਧਾਰਨਾ' ਇਸ ਦੇ ਪੱਖ ਵਿੱਚ ਹੋਣ ਕਾਰਨ ਇਸ 'ਤੇ ਰੋਕ ਨਹੀਂ ਲਗਾਈ ਜਾ ਸਕਦੀ।

ਇਸੇ ਦੌਰਾਨ ਪਟੀਸ਼ਨਕਰਤਾਵਾਂ ਦੀ ਪੈਰਵੀ ਕਰ ਰਹੇ ਸਿੱਬਲ ਨੇ ਇਸ ਕਾਨੂੰਨ ਨੂੰ 'ਇਤਿਹਾਸਕ ਕਾਨੂੰਨੀ ਅਤੇ ਸੰਵਿਧਾਨਕ ਸਿਧਾਂਤਾਂ ਤੋਂ ਮਰਹੂਮ' ਅਤੇ 'ਗ਼ੈਰ-ਨਿਆਂਇਕ ਪ੍ਰਕਿਰਿਆ ਰਾਹੀਂ ਵਕਫ਼ ਨੂੰ ਆਪਣੇ ਕਬਜ਼ੇ ਵਿੱਚ ਲੈਣ' ਦਾ ਜ਼ਰੀਆ ਦੱਸਿਆ।

ਸਿੱਬਲ ਨੇ ਕਿਹਾ, "ਇਹ ਵਕਫ਼ ਜਾਇਦਾਦਾਂ 'ਤੇ ਯੋਜਨਾਬੱਧ ਕਬਜ਼ੇ ਦਾ ਮਾਮਲਾ ਹੈ। ਸਰਕਾਰ ਇਹ ਫ਼ੈਸਲਾ ਨਹੀਂ ਕਰ ਸਕਦੀ ਕਿ ਕਿਹੜੇ ਮੁੱਦੇ ਉਠਾਏ ਜਾ ਸਕਦੇ ਹਨ।" -ਪੀਟੀਆਈ

# ਅਕਾਲ ਤਖ਼ਤ ਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰਾਂ ਵਿਚਾਲੇ ਕੀ ਟਕਰਾਅ ਹੈ, ਕੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾ ਸਕਦਾ ਹੈ

## ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਜਥੇਦਾਰ ਬਾਬਾ ਟੇਕ ਸਿੰਘ ਨੂੰ ਕਥਿਤ ਅਤੇ ਆਪੇ ਥਾਪੇ ਜਥੇਦਾਰ ਦੱਸਦਿਆਂ ਅਸਵਿਕਾਰਿਆਂ ਕਰਾਰ ਦਿੱਤਾ ਗਿਆ ਅਤੇ ਦੋਵਾਂ ਨੂੰ ਤਨਖ਼ਾਹੀਆ ਵੀ ਐਲਾਨਿਆ ਹੈ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੂੰ ਤਨਖ਼ਾਹੀਆ ਐਲਾਨਿਆਂ ਗਿਆ ਹੈ। ਇਸ ਤੋਂ ਬਾਅਦ ਪੰਥਕ ਧਿਰਾਂ ਦੇ ਵਖਰੇਵੇਂ ਹੋਰ ਉੱਭਰ ਕੇ ਸਾਹਮਣੇ ਆਏ ਹਨ।

ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ।

ਹਾਲਾਂਕਿ, ਸਿੱਖਾਂ ਦੀ ਸਿਰਮੌਰ ਸੰਸਥਾ ਵਜੋਂ ਪ੍ਰਵਾਨੇ ਜਾਂਦੇ ਅਕਾਲ ਤਖ਼ਤ ਨੇ ਵੀਰਵਾਰ ਨੂੰ ਇੱਕ ਮੀਟਿੰਗ ਸੱਦੀ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਇਨ੍ਹਾਂ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਨੂੰ ਅਕਾਲ ਤਖ਼ਤ ਵੱਲੋਂ ਮੁਆਫ਼ ਕਰਨ ਦਾ ਮਾਮਲਾ ਵੀ ਦੋਵਾਂ ਤਖ਼ਤਾਂ ਵਿੱਚ ਵਿਵਾਦ ਦਾ ਕਾਰਨ ਬਣਿਆ ਹੈ।

ਦੋਵਾਂ ਤਖ਼ਤਾਂ ਵੱਲੋਂ ਇੱਕ ਦੂਜੇ ਦੇ ਹੁਕਮਨਾਮਿਆਂ ਨੂੰ ਮੰਨਣ ਤੋਂ ਇਨਕਾਰੀ ਹੋਣ ਨੂੰ ਕੁਝ ਮਾਹਰ ਸਿਆਸਤ ਤੋਂ ਪ੍ਰੇਰਿਤ ਦੱਸਦੇ ਹਨ ਤਾਂ ਕੁਝ ਮਾਹਰ ਇਸ ਨੂੰ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਵਜੋਂ ਵੀ ਦੇਖਦੇ ਹਨ।

ਸਵਾਲ ਇਹ ਵੀ ਉੱਠਦਾ ਹੈ ਕਿ, ਕੀ ਅਕਾਲ ਤਖ਼ਤ ਦੇ ਹੁਕਮਨਾਮਿਆਂ ਨੂੰ ਨਕਾਰਕੇ ਕੋਈ ਹੋਰ ਤਖ਼ਤ ਅਕਾਲ ਤਖ਼ਤ ਦੇ ਜਥੇਦਾਰ ਨੂੰ ਤਨਖ਼ਾਹੀਆ ਕਰਾਰ ਦੇ ਸਕਦਾ ਹੈ?

### ਤਖ਼ਤ ਸ੍ਰੀ ਪਟਨਾ ਸਾਹਿਬ ਵਿੱਚ ਪੰਜ ਪਿਆਰਿਆਂ ਦੀ ਮੀਟਿੰਗ

ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਬੁੱਧਵਾਰ ਨੂੰ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਹੇਠ ਪੰਜ ਪਿਆਰਿਆਂ ਦੀ ਮੀਟਿੰਗ ਸੱਦੀ ਗਈ ਸੀ।

ਇਸ ਮੀਟਿੰਗ ਵਿੱਚ ਤਖ਼ਤ ਦੇ ਵਧੀਕ ਹੈੱਡ ਗ੍ਰੰਥੀ ਦਲੀਪ ਸਿੰਘ ਤੇ ਗੁਰਦਿਆਲ ਸਿੰਘ, ਸੀਨੀਅਰ ਮੀਤ ਗ੍ਰੰਥੀ ਪਰਸ਼ੁਰਾਮ ਸਿੰਘ ਅਤੇ ਮੀਤ ਗ੍ਰੰਥੀ ਅਮਰਜੀਤ ਸਿੰਘ ਮੌਜੂਦ





*ਮੀਟਿੰਗ ਤੋਂ ਬਾਅਦ ਪੰਜ ਸਿੰਘ ਸਹਿਬਾਨ ਵੱਲੋਂ ਇੱਕ ਹੁਕਮਨਾਮਾ ਜਾਰੀ ਕੀਤਾ ਗਿਆ।*

*ਹੁਕਮਨਾਮੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਜਥੇਦਾਰ ਬਾਬਾ ਟੇਕ ਸਿੰਘ ਨੂੰ ਕਥਿਤ ਅਤੇ ਆਪੇ ਥਾਪੇ ਜਥੇਦਾਰ ਦੱਸਦਿਆਂ ਅਸਵਿਕਾਰਿਆਂ ਕਰਾਰ ਦਿੱਤਾ ਗਿਆ ਅਤੇ ਦੋਵਾਂ ਨੂੰ ਤਨਖ਼ਾਹੀਆ ਵੀ ਐਲਾਨਿਆ ਹੈ।*

ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ, ਅੰਮ੍ਰਿਤਸਰ ਵਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਮੁਆਫ਼ੀ ਦੇਣ ਵਾਲੇ ਹੁਕਮਨਾਮੇ ਨੂੰ ਮੰਨਣ ਤੋਂ ਵੀ ਇਨਕਾਰ ਕੀਤਾ ਗਿਆ ਹੈ।

ਕਿਹਾ ਗਿਆ ਕਿ ਜਥੇਦਾਰ ਗੌਹਰ ਪਹਿਲਾਂ ਜਾਰੀ ਹੁਕਮਨਾਮੇ ਮੁਤਾਬਕ ਤਨਖਾਹੀਆ ਅਤੇ ਪੰਥ ਵਿੱਚੋਂ ਛੇਕੇ ਹੋਏ ਹਨ, ਉਹ ਹੁਕਮਨਾਮਾ ਲਾਗੂ ਰਹੇਗਾ।

ਪੰਜ ਪਿਆਰਿਆਂ ਨੇ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਕੀਤੇ ਗਏ ਹੁਕਮਾਂ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਅਤੇ ਇਸ ਨੂੰ ਰੱਦ ਕਰ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਅੱਜ ਤੋਂ ਸ੍ਰੀ ਅਕਾਲ ਤਖ਼ਤ ਜਾਂ ਬਾਹਰੀ ਕਿਸੇ ਵੀ ਤਖ਼ਤ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਵੀ ਆਦੇਸ਼ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਨਾ ਲਾਗੂ ਕੀਤਾ ਜਾਵੇਗਾ ਅਤੇ ਨਾ ਹੀ ਮੰਨਿਆ ਜਾਵੇਗਾ।

### ਅਕਾਲ ਤਖ਼ਤ ਦਾ ਹੁਕਮਨਾਮਾ ਕੀ ਸੀ

ਸ੍ਰੀ ਅਕਾਲ ਤਖ਼ਤ ਤੇ ਜਾਰੀ ਕੀਤੇ ਗਏ ਹੁਕਮਨਾਮੇ ਮੁਤਾਬਕ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਨੂੰ ਤਲਬ ਕੀਤਾ ਗਿਆ ਹੈ।

ਹਾਲਾਂਕਿ ਤਖ਼ਤ ਸ੍ਰੀ ਪਟਨਾ ਸਾਹਿਬ ਨੇ ਅਕਾਲ ਤਖ਼ਤ ਦੇ ਇਨ੍ਹਾਂ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਅਹੁਦੇਦਾਰਾਂ ਨੂੰ ਵੀ ਤਾਕੀਦ ਕੀਤੀ ਕਿ ਜੇ ਕੋਈ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਪਾਲਣਾ ਕਰੇਗਾ ਉਸ ਖ਼ਿਲਾਫ਼ ਮਰਿਆਦਾ ਦੇ ਆਧਾਰ ਉੱਤੇ ਕਾਰਵਾਈ ਕੀਤੀ ਜਾਵੇਗੀ।

ਇੱਕ ਹੋਰ ਮਾਮਲਾ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨਾਲ ਜੁੜਿਆ ਹੈ।

ਗੌਹਰ ਨੂੰ ਸ੍ਰੀ ਅਕਾਲ ਤਖ਼ਤ ਵਲੋਂ ਤਨਖਾਹੀਆ ਕਰਾਰ ਦਿੱਤਾ ਹੋਇਆ ਸੀ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਧਾਰਮਿਕ ਪ੍ਰਚਾਰ ਕਰਨ ਉੱਤੇ ਵੀ ਪਾਬੰਦੀ ਲਾਈ ਗਈ ਸੀ।

ਪਰ ਬੀਤੇ ਦਿਨੀਂ ਅਕਾਲ ਤਖ਼ਤ ਨੇ ਗੌਹਰ ਦੀ ਮੁਆਫ਼ੀ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਉੱਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਦਿੱਤੀਆਂ ਸਨ।

ਇਸ ਬਾਰੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੁਕਮਨਾਮੇ ਵਿੱਚ ਕਿਹਾ ਗਿਆ ਹੈ ਕਿ ਜਥੇਦਾਰ ਗੌਹਰ ਪਹਿਲਾਂ ਜਾਰੀ ਹੁਕਮਨਾਮੇ ਮੁਤਾਬਕ ਤਨਖਾਹੀਆ ਅਤੇ ਪੰਥ ਵਿੱਚੋਂ ਛੇਕੇ ਹੋਏ ਹਨ, ਉਹ ਹੁਕਮਨਾਮਾ ਲਾਗੂ ਰਹੇਗਾ।

### 'ਤਖ਼ਤ ਸ੍ਰੀ ਪਟਨਾ ਸਾਹਿਬ, ਅਕਾਲ ਤਖ਼ਤ ਦੇ ਫ਼ੈਸਲਿਆਂ ਵਿਰੁੱਧ ਨਹੀਂ ਜਾ ਸਕਦਾ'

ਕੀ ਤਖ਼ਤ ਸ੍ਰੀ ਪਟਨਾ ਸਾਹਿਬ ਅਕਾਲ ਤਖ਼ਤ ਦੇ ਜਥੇਦਾਰ ਨੂੰ ਤਨਖਾਹੀਆ ਕਰਾਰ ਦੇ ਸਕਦਾ ਹੈ?

ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਦਾਅਵਾ ਕਰਦੇ ਹਨ ਕਿ ਅਜਿਹਾ ਇਤਿਹਾਸ ਵਿੱਚ ਕਦੇ ਨਹੀਂ ਹੋਇਆ ਕਿ ਅਕਾਲ ਤਖ਼ਤ ਦੇ ਜਥੇਦਾਰ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ ਹੋਵੇ।

"ਅਕਾਲ ਤਖ਼ਤ ਸਿੱਖਾਂ ਦੀ ਸਰਵ-ਉੱਚ ਸੰਸਥਾ ਹੈ ਅਤੇ ਉਸ ਵੱਲੋਂ ਕੀਤੇ ਗਏ ਐਲਾਨ ਨੂੰ ਮੰਨਣਾ ਹਰ ਇੱਕ ਦਾ ਫ਼ਰਜ਼ ਹੈ।"

ਗੁਰਚਰਨ ਸਿੰਘ ਗਰੇਵਾਲ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਲੋਂ ਦਸੰਬਰ, 2022 ਵਿੱਚ ਜਾਰੀ ਕੀਤੀ ਗਈ ਚਿੱਠੀ ਦਾ ਹਵਾਲਾ ਵੀ ਦਿੱਤਾ ਜਿਸ ਵਿੱਚ ਲਿਖਿਆ ਗਿਆ ਹੈ, "ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਮੰਨਣਾ ਹਰ ਇੱਕ ਸਿੱਖ ਦਾ ਧਰਮ ਅਤੇ ਫ਼ਰਜ਼ ਹੈ। ਅਕਾਲ ਤਖ਼ਤ ਦੇ ਪਵਿੱਤਰ ਹੁਕਮ ਦੀ ਉਲੰਘਣਾ ਕਰਨਾ ਕੰਟੈਂਪਟ ਆਫ਼ ਕੋਰਟ ਵਰਗਾ ਵੀ ਮੰਨਿਆਂ ਜਾਂਦਾ ਹੈ।"

ਹਾਲਾਂਕਿ, ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਕਹਿੰਦੇ ਹਨ, "ਪੰਥਕ ਮਾਮਲਿਆਂ ਵਿੱਚ ਤੰਦ ਨਹੀਂ ਬਲਕਿ ਤਾਣੀ ਵਿਗੜ ਗਈ ਹੈ। ਯਾਨੀ ਮਰਿਆਦਾ ਦਾ ਤੇ ਮੀਰੀ ਪੀਰੀ ਦੇ ਸਿਧਾਂਤ ਦਾ ਖ਼ਿਆਲ ਰੱਖੇ ਬਿਨ੍ਹਾਂ ਸਿਆਸਤ ਤੋਂ ਪ੍ਰੇਰਿਤ ਹੋ ਕੇ ਫ਼ੈਸਲੇ ਲਏ ਜਾ ਰਹੇ ਹਨ।"

ਉਹ ਕਹਿੰਦੇ ਹਨ, "ਇਸ ਵਾਰ ਮਾਮਲਾ ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਨੂੰ ਮੁਆਫ਼ੀ ਦੇਣ ਨਾਲ ਵਿਗੜਿਆ ਹੈ। ਜਦੋਂਕਿ ਵੱਡੀ ਗਿਣਤੀ ਸਿੱਖ ਵੀ ਇਸ ਮੁਆਫ਼ੀ ਨੂੰ ਸਹੀ ਨਹੀਂ ਮੰਨਦੇ।"

ਜਥੇਦਾਰ ਰਣਜੀਤ ਸਿੰਘ ਕਹਿੰਦੇ ਹਨ ਕਿ ਸਮਾਂ ਆ ਗਿਆ ਹੈ ਜਦੋਂ ਤਖ਼ਤਾਂ ਦੇ ਅਹੁਦੇਦਾਰ ਆਪਣੀਆਂ ਪੰਥਕ ਜ਼ਿੰਮੇਵਾਰੀਆਂ ਨੂੰ ਗੁਰੂ ਦੀ ਦੱਸੀ ਮਰਿਆਦਾ ਮੁਤਾਬਕ ਨਿਭਾਉਣ ਨਾ ਕਿ ਸਿਆਸੀ ਦੁਬਾਵਾਂ ਹੇਠ ਫ਼ੈਸਲੇ ਲੈਣ।

ਅਸੀਂ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨਾਲ ਫੋਨ ਜ਼ਰੀਏ ਸੰਪਰਕ ਦੀ ਕੋਸ਼ਿਸ਼ ਕੀਤੀ ਪਰ ਗੱਲ ਨਹੀਂ ਹੋ ਸਕੀ।

### 'ਸਿਆਸਤ ਸੰਸਥਾਵਾਂ 'ਤੇ ਭਾਰੂ ਹੋ ਰਹੀ ਹੈ'

ਹਾਲ ਦੇ ਘਟਨਾਕ੍ਰਮ ਨੂੰ ਮਾਹਰ ਪੰਥਕ ਘੱਟ ਅਤੇ ਸਿਆਸਤ ਤੋਂ ਵੱਧ ਪ੍ਰੇਰਿਤ ਦੱਸਦੇ ਹਨ।

ਗੁਰਪ੍ਰੀਤ ਸਿੰਘ ਕਹਿੰਦੇ ਹਨ, "ਪੰਥਕ ਫ਼ੈਸਲੇ ਕਦੇ ਵੀ ਦੋ ਧਿਰਾਂ ਵਲੋਂ ਨਹੀਂ ਲਏ ਜਾ ਸਕਦੇ। ਅਜਿਹਾ ਨਹੀਂ ਹੁੰਦਾ ਕਿ ਕੋਈ ਇੱਕ ਤਖ਼ਤ ਫ਼ੈਸਲਾ ਲਵੇ ਅਤੇ ਦੂਸਰਾ ਉਸ ਨੂੰ ਨਾ-ਮਨਜ਼ੂਰ ਕਰ ਦੇਵੇ।"

"ਪਰ ਮੌਜੂਦਾ ਮਾਮਲਾ ਸਿਆਸਤ ਦਾ ਹੈ। ਇਸ ਵਿੱਚ ਫ਼ੈਸਲੇ ਸਰਬ-ਸਹਿਮਤੀ ਨਾਲ ਨਹੀਂ ਲਏ ਗਏ ਬਲਕਿ ਆਪਣੇ ਸੌੜੇ ਹਿੱਤਾਂ ਦੇ ਆਧਾਰ ਉੱਤੇ ਲਏ ਗਏ ਹਨ।"

ਉਹ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਨੂੰ ਸਿੱਖਾਂ ਦੇ ਵੱਡੇ ਤਬਕੇ ਵਲੋਂ ਨਾ-ਸਵਿਕਾਰੇ ਜਾਣ ਨੂੰ ਵੀ ਅਜਿਹੇ ਘਟਨਾਕ੍ਰਮ ਲਈ ਜ਼ਿੰਮੇਵਾਰ ਮੰਨਦੇ ਹਨ।

ਗੁਰਪ੍ਰੀਤ ਸਿੰਘ ਕਹਿੰਦੇ ਹਨ,"ਅਹੁਦੇ ਸਿਆਸੀ ਤੌਰ ਉੱਤੇ ਦਿੱਤੇ ਜਾ ਰਹੇ, ਇਸ ਲਈ ਸੰਗਤ ਵਲੋਂ ਸਵਿਕਾਰੇ ਵੀ ਨਹੀਂ ਜਾ ਰਹੇ।"

ਉਹ ਇਸ ਵਰਤਾਰੇ ਨੂੰ ਸਿੱਖ ਸੰਸਥਾਵਾਂ ਨੂੰ ਕੰਮਜੋਰ ਕਰਨ ਦੀ ਇੱਕ ਸਿਆਸੀ ਸਾਜ਼ਿਸ਼ ਵਜੋਂ ਦੇਖਦੇ ਹਨ।

ਅਮਰਜੀਤ ਸਿੰਘ ਵੀ ਇਸ ਤੱਥ ਨਾਲ ਇਤਫ਼ਾਕ ਰੱਖਦੇ ਹਨ। ਉਹ ਸੰਸਥਾਵਾਂ ਨੂੰ ਸਿਆਸਤ ਤੋਂ ਪਰੇ ਪੰਥਕ ਮਾਮਲਿਆਂ ਲਈ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੰਦੇ ਹਨ।

ਬੀਬੀਸੀ ਸਹਿਯੋਗੀ ਰਵਿੰਦਰ ਸਿੰਘ ਰੌਬਿਨ ਮੁਤਾਬਕ ਐੱਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਥਕ ਸੰਸਥਾਵਾਂ ਅਤੇ ਪੰਥਕ ਮਸਲਿਆਂ ਨੂੰ ਸੰਜੀਦਗੀ ਨਾਲ ਹੀ ਹੱਲ ਕਰਨਾ ਚਾਹੀਦਾ ਹੈ ਅਤੇ ਇਸ ਲਈ ਆਪਸੀ ਵਿਚਾਰ-ਵਟਾਂਦਰੇ ਦਾ ਰਾਹ ਹੀ ਬਿਹਤਰ ਰਸਤਾ ਹੈ।"

ਉਨ੍ਹਾਂ ਆਖਿਆ ਕਿ ਅਜਿਹੇ ਆਪਸੀ ਟਕਰਾਅ ਵਾਲੇ ਮਾਹੌਲ ਨਾਲ ਕੌਮ ਅੰਦਰ ਦੁਬਿਧਾ ਬਣੀ ਹੈ।

# ਸ਼ੁੱਧ ਵਾਤਾਵਰਨ ਲਈ ਲੱਗੇ ਹੋਏ ਬੂਟਿਆਂ ਨੂੰ ਆਵਾਰਾ ਪਸ਼ੂਆਂ ਤੋਂ ਬਚਾਉਣ ਦੀ ਲੋੜ : ਸੁਰਿੰਦਰ ਗੁਪਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਜ਼ੀਰਾ 22 ਮਈ ( ਅੰਗਰੇਜ਼ ਬਰਾੜ ) - ਦੇਸ਼ ਵਿੱਚ ਵੱਡੇ - ਵੱਡੇ ਨੈਸ਼ਨਲ ਹਾਈਵੇ ਬਣਨ ਅਤੇ ਲੱਕੜੀ ਦੇ ਹੋਰ ਇਸਤੇਮਾਲ ਲਈ ਲੱਖਾਂ ਦੀ ਗਿਣਤੀ ਵਿੱਚ ਵੱਡੇ ਵੱਡੇ ਦਰਖਤ ਵੱਢੇ ਜਾ ਰਹੇ ਹਨ ਪਰ ਉਹਨਾਂ ਦੀ ਜਗ੍ਹਾ ਚੌਥਾ ਹਿੱਸਾ ਵੀ ਨਵੇਂ ਦਰਖਤ ਲਗਾਏ ਨਹੀਂ ਜਾ ਰਹੇ, ਜੇਕਰ ਲਗਾਏ ਵੀ ਜਾ ਰਹੇ ਹਨ ਤਾਂ ਉਹ ਸਾਂਭ ਸੰਭਾਲ ਨਾ ਹੋਣ ਕਾਰਨ ਦਰੱਖਤ ਨਹੀਂ ਬਣ ਪਾਉਂਦੇ । ਇਸ ਸਬੰਧੀ ਗੱਲਬਾਤ ਕਰਦਿਆਂ ਟਾਟਾ ਰਾਈਸ ਮਿਲਜ਼ ਜ਼ੀਰਾ ਦੇ ਚੇਅਰਮੈਨ ਸ੍ਰੀ ਸੁਰਿੰਦਰ ਕੁਮਾਰ ਗੁਪਤਾ ਨੇ ਕਿਹਾ ਕਿ ਸ਼ੁੱਧ ਵਾਤਾਵਰਨ ਲਈ ਨਵੇਂ ਲੱਗੇ ਜਾਂ ਲਗਾਏ ਜਾ ਰਹੇ ਬੂਟਿਆਂ ਨੂੰ ਆਵਾਰਾ ਅਤੇ ਗੁਜਰਾਂ ਦੇ ਪਸ਼ੂਆਂ ਤੋਂ ਬਚਾਉਣ ਦੀ ਬੇਹੱਦ ਜਰੂਰਤ ਹੈ । ਉਹਨਾਂ ਕਿਹਾ ਕਿ ਸੜਕਾਂ ਅਤੇ ਨਹਿਰਾਂ ਦੀਆਂ ਪਟੜੀਆਂ ਉੱਤੇ ਵੱਡੀ ਗਿਣਤੀ ਵਿੱਚ ਫਿਰਦੇ ਗੁੱਜਰਾਂ ਦੇ ਪਸ਼ੂਆਂ ਦੇ ਵੱਗ ਨਵੇਂ ਲੱਗੇ ਬੂਟਿਆਂ ਨੂੰ ਵੱਡੇ ਹੋਣ ਤੋਂ ਪਹਿਲਾਂ ਹੀ ਮੁੱਛ ਦਿੰਦੇ ਹਨ । ਸੁਰਿੰਦਰ ਗੁਪਤਾ ਨੇ ਅੱਗੇ ਕਿਹਾ ਕਿ ਜੇਕਰ ਸਰਕਾਰ ਦਿਲੋਂ ਚਾਹੁੰਦੀ ਹੈ ਕਿ ਸ਼ੁੱਧ ਵਾਤਾਵਰਨ ਲਈ ਲਗਾਏ ਗਏ ਨਵੇਂ ਬੂਟੇ ਵੱਡੇ ਦਰਖਤ ਬਣ ਸਕਣ ਤਾਂ ਸਰਕਾਰ ਨੂੰ ਗੁਜਰਾਂ ਦੇ ਸੜਕਾਂ ਅਤੇ ਨਹਿਰਾਂ ਤੇ ਫਿਰਦੇ ਪਸ਼ੂਆਂ ਉੱਤੇ ਤੁਰੰਤ ਪਾਬੰਦੀ ਲਗਾਉਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਗੁੱਜਰਾਂ ਦੇ ਪਸ਼ੂਆਂ ਦੇ ਨਾਲ ਵੱਡੀ ਗਿਣਤੀ ਵਿੱਚ ਫਿਰਦੇ ਆਵਾਰਾ ਪਸ਼ੂਆਂ ਤੋਂ ਵੀ ਬੂਟਿਆਂ ਨੂੰ ਬਚਾਉਣ ਦੀ ਲੋੜ ਹੈ । ਸੁਰਿੰਦਰ ਗੁਪਤਾ ਨੇ ਕਿਹਾ ਕਿ ਅੱਜ ਭਾਰਤ ਵਿੱਚ ਦਰੱਖਤਾਂ ਦੀ ਵੱਡੀ ਲੋੜ ਹੈ, ਕਿਉਂਕਿ ਦਰੱਖਤਾਂ ਦੀ ਘਾਟ ਕਾਰਨ ਮੌਸਮ ਕਰਵਟ ਲੈ ਰਿਹਾ ਹੈ, ਲੋਕ ਕਿਤੇ ਮੀਂਹ ਦੇ ਵੱਧ ਪਾਣੀ ਨਾਲ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕਿਤੇ ਮੀਂਹ ਨਾ ਪੈਣ



ਕਾਰਨ ਸੋਕੇ ਦਾ ਸ਼ਿਕਾਰ ਹੋ ਰਹੇ ਹਨ । ਉਹਨਾਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਗੁਜਰ ਭਾਈਚਾਰੇ ਦੇ ਲੋਕਾਂ ਨੂੰ ਸੜਕਾਂ ਤੇ ਪਸ਼ੂ ਲਿਜਾਣ ਤੇ ਪਾਬੰਦੀ ਲਗਾਈ ਜਾਵੇ, ਕਿਉਂਕਿ ਗੁੱਜਰਾਂ ਦੇ ਪਸ਼ੂ ਸੜਕਾਂ ਤੇ ਗੰਦ ਪਾਉਣ ਦੇ ਨਾਲ ਕਿਸਾਨਾਂ ਦੀਆਂ ਫਸਲਾਂ ਦਾ ਵੀ ਨੁਕਸਾਨ ਕਰਦੇ ਹਨ ।

# ਸ਼ਹਿਰ " ਮਾਨਸਾ "

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



**ਪਵਨ ਕੁਮਾਰ ਖਿੱਚੀ, ਮਾਨਸਾ**

ਸ਼ਹਿਰ ਮਾਨਸਾ ਸਫ਼ਾਈ ਬਿਨਾਂ ਹੋਇਆ ਹਾਲ-ਬੇਹਾਲ,
ਫਲਾਈਓਵਰ, ਅੰਡਰ ਬ੍ਰਿਜ਼, ਕਿਸ਼ਤੀਆਂ ਚੱਲਣ ਦੇ ਆਸਾ,
ਬਿਨਾਂ ਮੀਂਹ ਤੋਂ ਹੀ ਕਰੀ ਦਾ ਸਵਾਗਤ ਸਮੁੰਦਰੀ ਲਹਿਰਾਂ ਨਾਲ,
ਸ਼ਹਿਰ ਵਾਸੀ ਡੁੱਬਦੇ ਫਿਰਨ, ਚੀਕਾਂ ਅਤੇ ਪਰੇਸ਼ਾਨੀ ਨਾਲ।

ਉੱਚੇ ਅਧਿਕਾਰੀ ਦੱਸਣ, ਕਰੀਏ ਕਿੱਥੋਂ ਇਸਦਾ ਹੱਲ,
ਝਾਤੀ ਮਾਰ ਕੇ ਦੇਖੋ ਮੇਰੇ ਘਰ ਵੱਲ।
ਇਹ ਤਾਂ ਨਹੀਂ ਕੋਈ ਸੱਚਾ-ਸੁੱਚਾ ਜਵਾਬ,
ਬਣੇ ਫਿਰਦੇ ਹੋ ਤੁਸੀਂ ਸ਼ਹਿਰ ਦੇ ਨਬਾਬ।

ਸਾਫ਼-ਸਫ਼ਾਈ ਦਾ ਹੱਲ ਸਰਕਾਰਾਂ ਨੇ ਨਹੀਂ ਕੀਤਾ,
ਹਰ ਵਾਰ ਵਾਅਦੇ ਸਿਰਫ਼ ਖਾਲੀ ਰਹਿ ਗਿਆ ਪੀਪਾ,
ਸ਼ਹਿਰ ਵਾਸੀਆਂ ਦੀਆਂ ਆਸਾਂ ਟੁੱਟ ਗਈਆਂ,
ਹਾਲਤ ਮੌਜੂਦਾ ਉਹੀ, ਕੋਈ ਬਦਲਾਅ ਨਾ ਕੀਤਾ,

ਕਹਿੰਦੇ ਗਰਾਂਟਾਂ ਆਈਆਂ ਨੇ ਸ਼ਹਿਰ ਨੂੰ ਕੈਲੀਫੋਰਨੀਆਂ ਬਣਾਉਣ ਲਈ,
ਕਰੋੜਾਂ ਰੁਪਏ ਆਏ ਸਨ ਬਜਟ 'ਚ ਮਾਨਸਾ ਨੂੰ ਸਵਾਰਣ ਲਈ।
ਨਾ ਕੋਈ ਸੜਕ ਬਣੀ, ਨਾ ਟੋਬਾ ਸਾਫ਼ ਹੋਇਆ,
ਪੈਸਾ ਲੱਗਾ ਕਿੱਥੇ? ਇਹ ਸਵਾਲ ਅਜੇ ਵੀ ਬੇਜਵਾਬ ਹੋਇਆ।

ਮੁਹੱਲਿਆਂ ਦੇ ਰਾਹ, ਸੜਕਾਂ ਨੇ ਖਰਾਬ,
ਖੇਖਰ ਰੋਡ ਤੋਂ ਸ਼ਹਿਰ ਤੱਕ ਪਾਣੀ, ਧੂੜ ਤੇ ਗੰਦੇ ਪਹਾੜ।
ਵੀ.ਆਈ.ਪੀ ਏਰੀਆ ਵੀ ਨਹੀਂ ਬਚਿਆ ਇਸ ਤੜਪ ਤੋਂ,
ਬਾਰਿਸ਼ ਵਿੱਚ ਜਾਮ, ਕੋਈ ਰਾਹ ਨਹੀਂ ਮਿਲਦਾ ਸੜਕ ਤੋਂ।

ਬਜਾਰ ਬਣਿਆ ਜਲ ਸਾਗਰ, ਵਪਾਰੀ ਵੀ ਹੋਏ ਹੈਰਾਨ,
ਰੁਕ ਗਿਆ ਕਾਰੋਬਾਰ ਸਾਰਾ, ਨਾ ਕੋਈ ਦਿਖੇ ਇਨਸਾਨ,
ਜਿੱਥੇ ਕਦਮ-ਕਦਮ 'ਤੇ ਚਲਦਾ ਸੀ ਰੋਜ਼ਗਾਰ,
ਹੁਣ ਓਥੇ ਪਾਣੀ ਹੀ ਪਾਣੀ, ਨਜ਼ਾਰਾ ਹੈ ਬੇਕਾਰ।

ਗੰਦੀਆਂ ਰਾਹਾਂ, ਖੜ੍ਹਾ ਪਾਣੀ, ਦੁੱਖਾਂ ਦੀ ਕਹਾਣੀ,
ਹੁਣ ਮਿਲ ਕੇ ਲੱਭੀਏ ਸੁੱਚੇ ਸੁਝਾਅ ਦੀ ਹੈ ਜ਼ਰੂਰਤ।
ਸਿਰਫ਼ ਇਕੱਠੇ ਹੋ ਕੇ ਹੀ ਮਾਨਸਾ ਬਚ ਸਕਦਾ ਹੈ,
ਆਓ ਜਾਗੀਏ, ਚੁੱਕੀਏ ਕਦਮ, ਨਾ ਰਹੀਏ ਹੋਰ ਅੱਖਾਂ ਮੀਚਿਆ।

ਸਾਡਾ ਘਰ, ਸਾਡੀ ਜ਼ਿੰਮੇਵਾਰੀ, ਸਾਡੀ ਪਹਿਚਾਣ ਹੈ,
ਮਿਲ ਕੇ ਬਦਲਾਈਏ ਇਸਨੂੰ, ਬਣਾ ਲਈਏ ਪਿਆਰਾ ਤੇ ਸੁੰਦਰ ਮਾਨਸਾ।

# ਕੌਣ ਸੀ ਮਾਓਵਾਦੀਆਂ ਦਾ ਵੱਡਾ ਨੇਤਾ ਜਿਸ 'ਤੇ ਸੀ ਡੇਢ ਕਰੋੜ ਰੁਪਏ ਦਾ ਇਨਾਮ ਤੇ ਜਿਸ ਦੀ ਮੌਤ ਨੂੰ ਭਾਰਤ ਸਰਕਾਰ ਨੇ ਵੱਡੀ ਪ੍ਰਾਪਤੀ ਦੱਸਿਆ





"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਆਲੋਕ ਪੁਤੁਲ

ਮਈ 1992 ਵਿੱਚ, ਜਦੋਂ ਗਰਮੀ ਆਪਣੇ ਸਿਖਰ 'ਤੇ ਸੀ, ਉਸ ਸਮੇਂ ਤੱਕ ਦੇ ਸਭ ਤੋਂ ਵੱਡੇ ਮਾਓਵਾਦੀ ਸੰਗਠਨ, ਭਾਕਪਾ (ਮਾਲੇ) ਪੀਪਲਜ਼ ਵਾਰ ਗਰੁੱਪ ਵਿੱਚ ਵੀ ਬਹਿਸ ਦੀ ਗਰਮੀ ਵਧ ਰਹੀ ਸੀ।

ਆਂਧਰਾ ਪ੍ਰਦੇਸ਼ ਵਿੱਚ ਸੰਗਠਨ 'ਤੇ ਪਾਬੰਦੀ ਲਗਾਏ ਨੂੰ ਇੱਕ ਹਫ਼ਤਾ ਵੀ ਨਹੀਂ ਹੋਇਆ ਸੀ। ਪਰ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਕੱਤਰ ਕੋਂਡਾਪੱਲੀ ਸੀਤਾਰਾਮਿਆ ਆਪਣੇ ਸਾਥੀਆਂ ਨਾਲ ਇੱਕ ਵੱਖਰਾ ਸੰਗਠਨ ਬਣਾਉਣ ਦੀ ਸਥਿਤੀ ਵਿੱਚ ਆ ਗਏ ਸਨ।

ਸੀਤਾਰਾਮਿਆ ਨਾਲ ਜਾਣ ਦੀ ਬਜਾਏ, ਵਾਰੰਗਲ ਯੂਨੀਵਰਸਿਟੀ ਤੋਂ ਬੀਟੈਕ ਕਰਨ ਤੋਂ ਬਾਅਦ ਨੰਬਾਲਾ 1980 ਦੇ ਦਹਾਕੇ ਵਿੱਚ ਸੰਗਠਨ ਵਿੱਚ ਸ਼ਾਮਲ ਹੋਏ ਕੇਸ਼ਵ ਰਾਓ ਪੀਪਲਜ਼ ਵਾਰ ਗਰੁੱਪ ਵਿੱਚ ਰਹਿਣਾ ਸਵੀਕਾਰ ਕੀਤਾ।

ਜੂਨ 1992 ਵਿੱਚ, ਜਦੋਂ ਮੁੱਪੱਲਾ ਲਕਸ਼ਮਣ ਰਾਓ ਉਰਫ਼ ਗਣਪਤੀ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾਇਆ ਗਿਆ, ਤਾਂ ਨੰਬਾਲਾ ਕੇਸ਼ਵ ਰਾਓ ਉਨ੍ਹਾਂ ਦੇ ਨਜ਼ਦੀਕੀ ਸਹਾਇਕ ਵਜੋਂ ਉੱਭਰ ਕੇ ਸਾਹਮਣੇ ਆਏ। ਨੰਬਾਲਾ ਕੇਸ਼ਵ ਰਾਓ ਨੂੰ ਪਾਰਟੀ ਦੀ ਕੇਂਦਰੀ ਕਮੇਟੀ ਵਿੱਚ ਜਗ੍ਹਾ ਦਿੱਤੀ ਗਈ।

70 ਸਾਲ ਦੇ ਉਸੇ ਨੰਬਾਲਾ ਕੇਸ਼ਵ ਰਾਓ ਨੂੰ ਨਕਸਲੀ ਲਹਿਰ ਵਿੱਚ ਬਸਵਰਾਜੂ ਵਜੋਂ ਜਾਣੇ ਜਾਂਦੇ ਸਨ।

ਬੁੱਧਵਾਰ ਨੂੰ, ਪੁਲਿਸ ਨੇ ਛੱਤੀਸਗੜ੍ਹ ਦੇ ਨਾਰਾਇਣਪੁਰ ਵਿੱਚ ਇੱਕ ਮੁਕਾਬਲੇ ਵਿੱਚ 27 ਮਾਓਵਾਦੀਆਂ ਸਮੇਤ ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਰਾਜੂ ਨੂੰ ਵੀ ਮਾਰਨ ਦਾ ਦਾਅਵਾ ਕੀਤਾ ਹੈ।

ਬਹੁਤ ਸਾਰੇ ਲੋਕ ਬੁੱਧਵਾਰ ਦੇ ਘਟਨਾਕ੍ਰਮ ਨੂੰ ਹਥਿਆਰਬੰਦ ਮਾਓਵਾਦੀ ਸੰਘਰਸ਼ ਦੇ ਅੰਤ ਦੀ ਸ਼ੁਰੂਆਤ ਵਜੋਂ ਵੀ ਦੇਖ ਰਹੇ ਹਨ।

ਬਸਤਰ ਦੇ ਆਈਜੀ ਪੁਲਿਸ ਸੁੰਦਰਰਾਜ ਪੀ ਕਹਿੰਦੇ ਹਨ, "ਜਿਸ ਤਰ੍ਹਾਂ ਸੁਰੱਖਿਆ ਬਲਾਂ ਨੇ ਸਾਲ 2024 ਵਿੱਚ ਨਕਸਲੀਆਂ ਵਿਰੁੱਧ ਇੱਕ ਨਿਰਣਾਇਕ ਅਤੇ ਪ੍ਰਭਾਵਸ਼ਾਲੀ ਮੁਹਿੰਮ ਚਲਾਈ, ਅਸੀਂ 2025 ਵਿੱਚ ਵੀ ਇਸਨੂੰ ਲਗਾਤਾਰ ਅੱਗੇ ਵਧਾ ਰਹੇ ਹਾਂ।''

''ਇਸੇ ਦਾ ਨਤੀਜਾ ਹੈ ਕਿ ਮਾਓਵਾਦੀ ਸੰਗਠਨ ਦਾ ਜਨਰਲ ਸਕੱਤਰ, ਜੋ ਕਿ ਸੀਪੀਆਈ ਮਾਓਵਾਦੀ ਦਾ ਪੋਲਿਤ ਬਿਊਰੋ ਮੈਂਬਰ ਵੀ ਹੈ, ਮਾਰਿਆ ਗਿਆ। ਛੱਤੀਸਗੜ੍ਹ ਵਿੱਚ ਪਹਿਲੀ ਵਾਰ ਪੋਲਿਟ ਬਿਊਰੋ ਅਤੇ ਜਨਰਲ ਸਕੱਤਰ ਪੱਧਰ ਦਾ ਕੋਈ ਮਾਓਵਾਦੀ ਮਾਰਿਆ ਗਿਆ ਹੈ। ਇਹ ਸਾਡੇ ਲਈ ਇੱਕ ਪ੍ਰਾਪਤੀ ਹੈ।"

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਨਕਸਲਵਾਦ ਨੂੰ ਖਤਮ ਕਰਨ ਦੀ ਲੜਾਈ ਵਿੱਚ ਇੱਕ ਇਤਿਹਾਸਕ ਪ੍ਰਾਪਤੀ ਹੈ। ਅੱਜ, ਛੱਤੀਸਗੜ੍ਹ ਦੇ ਨਾਰਾਇਣਪੁਰ ਵਿੱਚ ਇੱਕ ਆਪ੍ਰੇਸ਼ਨ ਵਿੱਚ ਸਾਡੇ ਸੁਰੱਖਿਆ ਬਲਾਂ ਨੇ 27 ਖਤਰਨਾਕ ਮਾਓਵਾਦੀਆਂ ਨੂੰ ਮਾਰ ਦਿੱਤਾ ਹੈ, ਜਿਨ੍ਹਾਂ ਵਿੱਚ ਸੀਪੀਆਈ-ਮਾਓਵਾਦੀ ਜਨਰਲ ਸਕੱਤਰ, ਸਿਖਰਲਾ ਆਗੂ ਅਤੇ ਨਕਸਲ ਅੰਦੋਲਨ ਦੇ ਰੀੜ੍ਹ, ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਰਾਜੂ ਸ਼ਾਮਲ ਹੈ।''

## ਇੰਜੀਨੀਅਰ ਤੋਂ ਮਾਓਵਾਦੀ ਬਣਨ ਤੱਕ

ਹੈਦਰਾਬਾਦ ਤੋਂ ਲਗਭਗ 720 ਕਿਲੋਮੀਟਰ ਦੂਰ ਜਿਆਨਾਪੇਟ ਪਿੰਡ ਸਥਿਤ ਹੈ।

ਜ਼ਿਲ੍ਹਾ ਹੈੱਡਕੁਆਰਟਰ ਸ਼੍ਰੀਕਾਕੁਲਮ ਤੋਂ ਲਗਭਗ 50 ਕਿਲੋਮੀਟਰ ਦੂਰ। ਇਸ ਛੋਟੇ ਜਿਹੇ ਪਿੰਡ ਦੇ ਅਧਿਆਪਕ ਵਾਸੂਦੇਵ ਰਾਓ ਦੀ ਇਲਾਕੇ ਵਿੱਚ ਆਪਣੀ ਹੀ ਸਾਖ ਸੀ।

ਜੇ ਤੁਸੀਂ ਪਿੰਡ ਦੇ ਬਜ਼ੁਰਗਾਂ ਨਾਲ ਗੱਲ ਕਰੋ, ਤਾਂ ਉਹ ਵਾਸੂਦੇਵ ਰਾਓ ਅਤੇ ਵਾਸੂਦੇਵ ਰਾਓ ਦੇ ਪੁੱਤਰ ਨੰਬਾਲਾ ਕੇਸ਼ਵ ਰਾਓ ਦੇ ਬਹੁਤ ਸਾਰੇ ਕਿੱਸੇ ਸੁਣਾਉਂਦੇ ਹਨ।

ਵਾਸੂਦੇਵ ਰਾਓ ਨੇ ਆਪਣੀਆਂ ਤਿੰਨ ਧੀਆਂ ਅਤੇ ਦੋ ਪੁੱਤਰਾਂ ਨੂੰ ਚੰਗੀ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ।

ਵਾਸੂਦੇਵ ਰਾਓ ਦੇ ਦੋਵੇਂ ਪੁੱਤਰ, ਢਿੱਲੇਸ਼ਵਰ ਰਾਓ ਅਤੇ ਕੇਸ਼ਵ ਰਾਓ ਪੜ੍ਹਾਈ ਵਿੱਚ ਤੇਜ਼ ਸਨ।

ਤਾਲਾਗਾਮ ਤੋਂ ਹਾਈ ਸਕੂਲ ਅਤੇ ਟੇਕਕਾਲੀ ਜੂਨੀਅਰ ਕਾਲਜ ਤੋਂ ਇੰਟਰਮੀਡੀਏਟ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਵਾਸੂਦੇਵ ਰਾਓ ਨੇ ਆਪਣੇ ਪੁੱਤਰ ਕੇਸ਼ਵ ਰਾਓ ਨੂੰ ਵਾਰੰਗਲ ਦੇ ਇੱਕ ਇੰਜੀਨੀਅਰਿੰਗ ਕਾਲਜ ਵਿੱਚ ਦਾਖਲ ਕਰਵਾਇਆ।

ਪਰ ਬੀਟੈਕ ਦੀ ਪੜ੍ਹਾਈ ਦੌਰਾਨ ਹੀ ਕੇਸ਼ਵ ਰਾਓ ਦੇ ਰੈਡੀਕਲ ਸਟੂਡੈਂਟਸ ਯੂਨੀਅਨ ਵਿੱਚ ਸ਼ਾਮਲ ਹੋਣ ਅਤੇ ਸਮਾਜਿਕ ਅੰਦੋਲਨਾਂ ਵਿੱਚ ਸਰਗਰਮ ਹੋਣ ਦੀਆਂ ਖ਼ਬਰਾਂ ਪਿੰਡ ਤੱਕ ਪਹੁੰਚਣ ਲੱਗੀਆਂ ਸਨ।

ਕੇਸ਼ਵ ਰਾਓ ਵਿਰੁੱਧ ਪੁਲਿਸ ਵਿੱਚ ਕੁਝ ਮਾਮਲੇ ਵੀ ਦਰਜ ਹੋ ਚੁੱਕੇ ਸਨ।

ਸ਼੍ਰੀਕਾਕੁਲਮ ਦੇ ਸਮਾਜਿਕ ਕਾਰਕੁਨ ਕੁਨਾ ਸ਼੍ਰੀਪ੍ਰਕਾਸ਼ ਕਹਿੰਦੇ ਹਨ, "ਕੇਸ਼ਵ ਨੇ ਐਮਟੈਕ ਵਿੱਚ ਦਾਖਲਾ ਜ਼ਰੂਰ ਲਿਆ ਸੀ ਪਰ ਉਸਦਾ ਜ਼ਿਆਦਾਤਰ ਸਮਾਂ ਸਿਆਸੀ ਗਤੀਵਿਧੀਆਂ ਵਿੱਚ ਹੀ ਲੰਘਣ ਲੱਗਿਆ। ਉਸਨੇ ਸੀਪੀਆਈ ਲਿਬਰੇਸ਼ਨ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਜਲਦੀ ਹੀ ਰੂਪੋਸ਼ ਹੋ ਗਿਆ। ਭਰਾ ਢਿੱਲੇਸ਼ਵਰ ਰਾਓ ਕੋਲ ਘਰ ਦੀ ਜ਼ਿੰਮੇਵਾਰੀ ਸੀ ਅਤੇ ਉਹ ਬੰਦਰਗਾਹ ਵਿੱਚ ਇੱਕ ਚੰਗੇ ਅਹੁਦੇ 'ਤੇ ਸਨ। ਪਰ ਕੇਸ਼ਵ ਰਾਓ ਬਾਰੇ ਫਿਰ ਵੀ ਕੋਈ ਖ਼ਬਰ ਨਹੀਂ ਮਿਲੀ।"

ਐਮਟੈਕ ਦੀ ਪੜ੍ਹਾਈ ਦੌਰਾਨ ਹੀ ਨੰਬਾਲਾ ਕੇਸ਼ਵ ਰਾਓ ਨੇ ਨਕਸਲੀ ਸੰਗਠਨ ਸੀਪੀਆਈ ਪੀਪਲਜ਼ ਵਾਰ ਗਰੁੱਪ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸੰਗਠਨ ਵਿੱਚ ਇੱਕ ਆਮ ਵਰਕਰ ਦੇ ਤੌਰ 'ਤੇ ਸ਼ਾਮਲ ਹੋਏ ਨੰਬਾਲਾ ਕੇਸ਼ਵ ਰਾਓ ਨੇ ਇੱਕ ਤੋਂ ਬਾਅਦ ਇੱਕ ਜ਼ਿੰਮੇਵਾਰੀਆਂ ਸੰਭਾਲੀਆਂ ਅਤੇ ਸੰਗਠਨ ਵਿੱਚ ਲੀਡਰਸ਼ਿਪ ਦਾ ਵਿਸ਼ਵਾਸ ਜਿੱਤਿਆ।

ਹਰ ਜ਼ਿੰਮੇਵਾਰੀ ਅਤੇ ਖੇਤਰ ਦੇ ਨਾਲ ਕੇਸ਼ਵ ਰਾਓ ਦਾ ਨਾਮ ਬਦਲਦਾ ਰਿਹਾ - ਗਗੰਨਾ, ਪ੍ਰਕਾਸ਼, ਕ੍ਰਿਸ਼ਣਾ, ਵਿਜੇ, ਕੇਸ਼ਵ, ਬੀਆਰ, ਪ੍ਰਕਾਸ਼, ਦਰਪਾ ਨਰਸਿਮਹਾ ਰੈੱਡੀ, ਆਕਾਸ਼, ਨਰਸਿਮ੍ਹਾ, ਬਸਵਰਾਜ, ਬਸਵਰਾਜੂ।

ਪਰ 1992 ਵਿੱਚ, ਜਦੋਂ ਪੀਪਲਜ਼ ਵਾਰ ਗਰੁੱਪ ਢਹਿਣ ਦੀ ਕਗਾਰ 'ਤੇ ਸੀ, ਤਾਂ ਗਣਪਤੀ ਦੇ ਨਾਲ ਖੜ੍ਹੇ ਕੇਸ਼ਵ ਰਾਓ ਨੂੰ ਕੇਂਦਰੀ ਕਮੇਟੀ ਦੇ ਮੈਂਬਰ ਵਜੋਂ ਜ਼ਿੰਮੇਵਾਰੀ ਸੌਂਪੀ ਗਈ, ਜੀ ਨੇ ਉਨ੍ਹਾਂ ਨੂੰ ਸੰਗਠਨ ਵਿੱਚ ਮਹੱਤਵਪੂਰਨ ਬਣਾ ਦਿੱਤਾ।

## ਕੇਂਦਰੀ ਕਮੇਟੀ ਅਤੇ ਪੋਲਿਤ ਬਿਊਰੋ ਵਿੱਚ ਜਗ੍ਹਾ ਕਿਵੇਂ ਮਿਲੀ

1992 ਵਿੱਚ ਪੀਪਲਜ਼ ਵਾਰ ਗਰੁੱਪ ਦੀ ਕੇਂਦਰੀ ਕਮੇਟੀ ਦੇ ਮੈਂਬਰ ਵਜੋਂ ਚੁਣੇ ਜਾਣ ਤੋਂ ਬਾਅਦ, ਕੇਸ਼ਵ ਰਾਓ ਨੇ ਲੰਬੇ ਸਮੇਂ ਤੱਕ ਮਾਓਵਾਦੀ ਸੰਗਠਨ ਵਿੱਚ ਸਪੈਸ਼ਲ ਗੁਰੀਲਾ ਸਕੁਐਡ ਦੀ ਕਮਾਂਡ ਕੀਤੀ।

ਕੇਸ਼ਵ ਰਾਓ, ਜੋ ਹਥਿਆਰਾਂ ਤੋਂ ਲੈ ਕੇ ਸਿਖਲਾਈ ਤੱਕ ਹਰ ਚੀਜ਼ ਦੇ ਇੰਚਾਰਜ ਸਨ, ਨੂੰ ਅਣਵੰਡੇ ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਅਣਵੰਡੇ ਮੱਧ ਪ੍ਰਦੇਸ਼ ਵਿੱਚ ਸੰਗਠਨ ਦਾ ਵਿਸਥਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਮਾਓਵਾਦੀ ਦਸਤਾਵੇਜ਼ਾਂ ਤੋਂ ਪਤਾ ਚੱਲਦਾ ਹੈ ਕਿ ਭਾਵੇਂ ਸੰਗਠਨ ਵਿੱਚ ਗੁਰੀਲਾ ਸਕੁਐਡ ਦੀ ਸ਼ੁਰੂਆਤ 1994-95 ਵਿੱਚ ਹੋ ਗਈ ਸੀ ਪਰ ਮਈ 1999 ਦੇ ਆਸ-ਪਾਸ, ਕੇਂਦਰੀ ਗੁਰੀਲਾ ਸਕੁਐਡ ਨੂੰ ਭੰਗ ਕਰਕੇ ਪਲਾਟੂਨ, ਲੋਕ ਗੁਰੀਲਾ ਸਕੁਐਡ ਅਤੇ ਵਿਸ਼ੇਸ਼ ਗੁਰੀਲਾ ਸਕੁਐਡ ਦੀ ਸ਼ੁਰੂਆਤ ਹੋਈ।

ਇਸ ਸਮੇਂ ਦੌਰਾਨ, ਪਹਿਲੀ ਵਾਰ, ਫੌਜੀ ਅਤੇ ਸੰਗਠਨਾਤਮਕ ਕੰਮਾਂ ਲਈ ਵੱਖੋ-ਵੱਖਰੇ ਦਲ ਬਣਾਏ ਗਏ। ਇਸ ਦੌਰਾਨ, ਕੇਸ਼ਵ ਰਾਓ ਨੇ ਕੇਂਦਰੀ ਫੌਜੀ ਕਮਿਸ਼ਨ ਦੇ ਇੰਚਾਰਜ ਵਜੋਂ ਕੰਮ ਕੀਤਾ।

ਸਾਲ 2000 ਵਿੱਚ, ਮਾਓਵਾਦੀ ਸੰਗਠਨ ਨੇ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਬਣਾਈ ਅਤੇ ਇਹ ਉਹ ਸਮਾਂ ਸੀ ਜਦੋਂ ਕੇਸ਼ਵ ਰਾਓ ਨੂੰ ਸੰਗਠਨ ਦੀ ਸਰਵਉੱਚ ਕਮੇਟੀ ਯਾਨੀ ਪੋਲਿਤ ਬਿਊਰੋ ਵਿੱਚ ਸਥਾਨ ਮਿਲਿਆ।

ਇਸ ਦੌਰਾਨ, ਕੇਸ਼ਵ ਰਾਓ ਦਾ ਨਾਮ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿੰਸਕ ਮਾਓਵਾਦੀ ਗਤੀਵਿਧੀਆਂ ਨਾਲ ਜੁੜਨਾ ਸ਼ੁਰੂ ਹੋ ਗਿਆ ਅਤੇ ਵੱਖ-ਵੱਖ ਸੂਬਾ ਅਤੇ ਕੇਂਦਰੀ ਸੰਗਠਨਾਂ ਵੱਲੋਂ ਉਸ 'ਤੇ ਐਲਾਨੇ ਗਏ ਇਨਾਮ ਦੀ ਰਕਮ ਵੀ ਵਧਦੀ ਚਲੀ ਗਈ।

ਪਿਛਲੇ ਮਹੀਨੇ ਹੀ ਛੱਤੀਸਗੜ੍ਹ ਸਰਕਾਰ ਨੇ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਅਤੇ ਪੋਲਿਤ ਬਿਊਰੋ ਦੇ ਮੈਂਬਰਾਂ 'ਤੇ 1-1 ਕਰੋੜ ਰੁਪਏ ਦੇ ਇਨਾਮ ਦਾ ਐਲਾਨਿਆ ਸੀ।

ਐਨਆਈਏ ਤੋਂ ਲੈ ਕੇ ਸੀਬੀਆਈ ਅਤੇ ਵੱਖ-ਵੱਖ ਸੂਬਾ ਸਰਕਾਰਾਂ ਨੇ ਕੇਸ਼ਵ ਰਾਓ 'ਤੇ ਜੋ ਇਨਾਮ ਐਲਾਨੇ ਸਨ, ਉਨ੍ਹਾਂ ਨੂੰ ਮਿਲਾ ਕੇ ਉਨ੍ਹਾਂ ਦੇ ਸਿਰ ਇਨਾਮ ਦੀ ਕੁੱਲ ਰਕਮ ਡੇਢ ਕਰੋੜ ਰੁਪਏ ਤੋਂ ਵੱਧ ਹੋ ਜਾਂਦੀ ਹੈ।

## ਵੱਡੇ ਹਮਲਿਆਂ ਵਿੱਚ ਹੱਥ

ਇੱਕ ਪੁਲਿਸ ਅਧਿਕਾਰੀ ਦੱਸਦੇ ਹਨ ਕਿ ਕੇਸ਼ਵ ਰਾਓ ਨੇ ਪਹਿਲੀ ਵਾਰ 1987 ਵਿੱਚ ਆਂਧਰਾ ਪ੍ਰਦੇਸ਼ ਵਿੱਚ ਪੂਰਬੀ ਗੋਦਾਵਰੀ ਵਿੱਚ ਹੋਏ ਇੱਕ ਹਮਲੇ ਦੀ ਅਗਵਾਈ ਕੀਤੀ ਸੀ। ਇਸ ਹਮਲੇ ਵਿੱਚ ਇੱਕ ਪੁਲਿਸ ਅਧਿਕਾਰੀ ਸਮੇਤ ਛੇ ਪੁਲਿਸ ਵਾਲੇ ਮਾਰੇ ਗਏ ਸਨ।

ਅਧਿਕਾਰੀ ਦੱਸਦੇ ਹਨ ਕਿ ਇਸ ਤੋਂ ਬਾਅਦ 'ਕੇਸ਼ਵ ਰਾਓ ਦੀ ਬੇਰਹਿਮੀ ਅਤੇ ਹਿੰਸਾ ਦੀਆਂ ਘਟਨਾਵਾਂ ਹੁਣ ਪੁਲਿਸ ਦਸਤਾਵੇਜ਼ਾਂ ਦਾ ਹਿੱਸਾ ਹਨ'।

10 ਅਪ੍ਰੈਲ 2010 ਨੂੰ ਦਾਂਤੇਵਾੜਾ ਵਿੱਚ 76 ਜਵਾਨਾਂ ਦੀ ਹੱਤਿਆ ਦਾ ਮਾਮਲਾ ਹੋਵੇ ਜਾਂ 23 ਮਈ 2013 ਨੂੰ ਦਰਭਾ ਘਾਟੀ ਦਾ ਝੀਰਮ ਕਤਲੇਆਮ, ਹਰ ਵੱਡੀ ਘਟਨਾ ਵਿੱਚ ਕੇਸ਼ਵ ਰਾਓ ਦੀ ਮੁੱਖ ਭੂਮਿਕਾ ਮੰਨੀ ਜਾਂਦੀ ਹੈ।

ਝੀਰਮ ਘਾਟੀ ਵਿੱਚ ਕਾਂਗਰਸ ਦੇ ਸਿਖਰਲੇ ਆਗੂਆਂ ਸਮੇਤ 27 ਲੋਕ ਮਾਰੇ ਗਏ ਸਨ।

ਪੁਲਿਸ ਦਾ ਮੰਨਣਾ ਹੈ ਕਿ ਕੇਸ਼ਵ ਰਾਓ ਨੇ ਆਪ੍ਰੇਸ਼ਨ ਲਈ ਬਾਹਰ ਨਿਕਲੀਆਂ ਸੁਰੱਖਿਆ ਬਲਾਂ ਦੀਆਂ ਟੀਮਾਂ ਨੂੰ ਘੇਰਨ ਲਈ ਕਈ ਤਰ੍ਹਾਂ ਦੇ ਜਾਲ ਬਣਾਉਣ ਲਈ ਨਵੀਆਂ ਤਕਨੀਕਾਂ ਬਣਾਈਆਂ ਸਨ।

ਇੱਕ ਅਧਿਕਾਰੀ ਦੱਸਦੇ ਹਨ, "2018 ਵਿੱਚ ਅਰਾਕੂ ਵਿੱਚ ਹੋਏ ਹਮਲੇ ਵਿੱਚ ਆਂਧਰਾ ਪ੍ਰਦੇਸ਼ ਦੇ ਵਿਧਾਇਕ ਕਿਦਾਰੀ ਸਰਵੇਸ਼ਵਰ ਰਾਓ ਅਤੇ ਸਾਬਕਾ ਵਿਧਾਇਕ ਸਿਵੇਰੀ ਸੋਮਾ ਦੀ ਹੱਤਿਆ ਲਈ ਵੀ ਕੇਸ਼ਵ ਰਾਓ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ।''

''2019 ਵਿੱਚ ਗੜ੍ਹਚਿਰੌਲੀ ਵਿੱਚ 15 ਕਮਾਂਡੋਆਂ ਸਮੇਤ 16 ਲੋਕਾਂ ਦੀ ਹੱਤਿਆ ਪਿੱਛੇ ਕੇਸ਼ਵ ਰਾਓ ਹੀ ਰਣਨੀਤੀਕਾਰ ਸੀ। ਆਂਧਰਾ ਦੇ ਤਤਕਾਲੀ ਮੁੱਖ ਮੰਤਰੀ ਚੰਦਰਬਾਬੂ ਨਾਇਡੂ 'ਤੇ ਹੋਏ ਕਾਤਲਾਨਾ ਹਮਲੇ ਪਿੱਛੇ ਵੀ ਕੇਸ਼ਵ ਹੀ ਸੀ। ਕੇਸ਼ਵ ਹੀ ਓਡੀਸ਼ਾ ਅਤੇ ਛੱਤੀਸਗੜ੍ਹ ਦੀ ਜੇਲ੍ਹ 'ਤੇ ਹਮਲੇ ਨੂੰ ਜ਼ਮੀਨੀ ਪੱਧਰ 'ਤੇ ਅੰਜਾਮ ਦੇਣ ਲਈ ਜ਼ਿੰਮੇਵਾਰ ਸੀ।"

## ਸੰਗਠਨ ਵਿੱਚ ਸਿਖਰ 'ਤੇ ਕਿਵੇਂ ਪਹੁੰਚੇ ਬਸਵਰਾਜੂ

2009 ਵਿੱਚ ਕੋਬਾਡ ਘਾਂਦੀ ਅਤੇ 2010 ਵਿੱਚ ਪੋਲਿਤ ਬਿਊਰੋ ਦੇ ਮੈਂਬਰਾਂ ਵਿੱਚੋਂ ਇੱਕ, ਬਿਜੋਏ ਦਾ ਉਰਫ਼ ਨਵੀਨ ਪ੍ਰਸਾਦ ਉਰਫ਼ ਨਾਰਾਇਣ ਸਾਨਿਆਲ ਦੀ ਗ੍ਰਿਫ਼ਤਾਰੀ ਨੇ ਸੰਗਠਨ ਲਈ ਕਈ ਸੰਕਟ ਪੈਦਾ ਕਰ ਦਿੱਤੇ।

ਇਸ ਦੌਰਾਨ, ਜੁਲਾਈ 2010 ਵਿੱਚ ਸੀਪੀਆਈ ਮਾਓਵਾਦੀ ਬੁਲਾਰੇ ਚੇਰੁਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਨਵੰਬਰ 2011 ਵਿੱਚ ਕੋਟੇਸ਼ਵਰ ਰਾਓ ਉਰਫ਼ ਕਿਸ਼ਨ ਜੀ ਦੇ ਮਾਰੇ ਜਾਣ ਤੋਂ ਬਾਅਦ, ਮਾਓਵਾਦੀ ਸੰਗਠਨ ਵਿੱਚ ਕੇਸ਼ਵ ਰਾਓ ਦੀ ਪਕੜ ਮਜ਼ਬੂਤ ਹੁੰਦੀ ਚਲੀ ਗਈ।

ਬਿਮਾਰ ਅਤੇ ਬਜ਼ੁਰਗ ਸੀਪੀਆਈ (ਮਾਓਵਾਦੀ) ਦੇ ਜਨਰਲ ਸਕੱਤਰ ਮੁੱਪੱਲਾ ਲਕਸ਼ਮਣ ਰਾਓ ਉਰਫ਼ ਗਣਪਤੀ ਨੇ ਸੰਗਠਨ ਦੇ ਅਹੁਦੇ ਤੋਂ ਮੁਕਤ ਹੋਣ ਦੀ ਅਪੀਲ ਕੀਤੀ, ਤਾਂ ਕੇਸ਼ਵ ਰਾਓ ਕੁਦਰਤੀ ਤੌਰ 'ਤੇ ਸੀਪੀਆਈ (ਮਾਓਵਾਦੀ) ਦੀ ਕਮਾਨ ਸੰਭਾਲਣ ਲਈ ਸਭ ਤੋਂ ਵੱਡੇ ਦਾਅਵੇਦਾਰ ਬਣ ਗਏ।

2018 ਵਿੱਚ, ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਰਾਜੂ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾਇਆ ਗਿਆ।

ਜ਼ਿਆਦਾਤਰ ਮਾਰਕਸਵਾਦੀ ਅਤੇ ਮਾਓਵਾਦੀ ਸੰਗਠਨਾਂ ਵਿੱਚ ਚੇਅਰਮੈਨ ਜਾਂ ਉਪ-ਚੇਅਰਮੈਨ ਦਾ ਅਹੁਦਾ ਨਹੀਂ ਹੁੰਦਾ। ਜਨਰਲ ਸਕੱਤਰ ਹੀ ਸੰਗਠਨ ਦਾ ਸਭ ਤੋਂ ਉੱਚਾ ਅਹੁਦਾ ਹੁੰਦਾ ਹੈ।

ਇਸ ਤਰ੍ਹਾਂ ਬੀਟੈਕ ਦੀ ਪੜ੍ਹਾਈ ਕਰਨ ਵਾਲੇ ਕੇਸ਼ਵ ਰਾਓ, ਮਾਓਵਾਦੀ ਸੰਗਠਨ ਵਿੱਚ ਇੱਕ ਆਮ ਵਰਕਰ ਤੋਂ ਮਾਓਵਾਦੀਆਂ ਦੇ ਜਨਰਲ ਸਕੱਤਰ ਬਣੇ।

27 ਸਾਲ ਕੇਂਦਰੀ ਕਮੇਟੀ ਦੇ ਮੈਂਬਰ ਅਤੇ 18 ਸਾਲ ਪੋਲਿਤ ਬਿਊਰੋ ਦੇ ਮੈਂਬਰ ਵਜੋਂ ਕੰਮ ਕਰਨ ਵਾਲੇ ਕੇਸ਼ਵ ਰਾਓ ਦੀ ਜਨਰਲ ਸਕੱਤਰ ਵਜੋਂ ਨਿਯੁਕਤੀ ਦਾ ਐਲਾਨ ਕਰਦੇ ਹੋਏ, ਸੀਪੀਆਈ ਮਾਓਵਾਦੀ ਕੇਂਦਰੀ ਕਮੇਟੀ ਦੇ ਬੁਲਾਰੇ ਅਭੈ ਨੇ ਉਦੋਂ ਕੇਸ਼ਵ ਰਾਓ ਬਾਰੇ ਕਿਹਾ ਸੀ, "ਠੋਸ ਤੌਰ 'ਤੇ ਕਹੀਏ ਤਾਂ 1992 ਤੋਂ ਬਾਅਦ ਸਮੂਹਿਕ ਲੀਡਰਸ਼ਿਪ ਵਜੋਂ ਵਿਕਸਤ ਕੇਂਦਰੀ ਕਮੇਟੀ ਵਿੱਚ ਇੱਕ ਮਹੱਤਵਪੂਰਨ ਕਾਮਰੇਡ ਕੈਂਪ ਵਿੱਚ ਰਹਿੰਦੇ ਹੋਏ ਉਹ ਹਾਲ ਹੀ ਵਿੱਚ ਜਨਰਲ ਸਕੱਤਰ ਵਜੋਂ ਵਿਕਸਤ ਹੋਏ।''

## ਮਾਓਵਾਦੀ ਸੰਗਠਨ ਦਾ ਸੰਕਟ

ਨੰਬਾਲਾ ਕੇਸ਼ਵ ਰਾਓ ਨੇ ਸੰਗਠਨ ਦੀ ਕਮਾਨ ਉਸ ਸਮੇਂ ਸੰਭਾਲੀ ਜਦੋਂ ਸਰਕਾਰੀ ਦਸਤਾਵੇਜ਼ਾਂ ਵਿੱਚ ਦਰਜ ਲਾਲ ਗਲਿਆਰਾ ਸੁੰਗੜ ਚੁੱਕਿਆ ਸੀ ਅਤੇ ਬਸਤਰ ਹੀ ਇੱਕੋ ਇੱਕ ਬੇਸ ਇਲਾਕਾ ਬਚਿਆ ਸੀ।

ਅਣਵੰਡੇ ਮੱਧ ਪ੍ਰਦੇਸ਼ ਦੇ ਸਮੇਂ ਦੌਰਾਨ, ਸੀਪੀਆਈ (ਮਾਲੇ) ਪੀਪਲਜ਼ ਵਾਰ ਨਾਲ ਜੁੜੇ ਮਾਓਵਾਦੀਆਂ ਦੇ ਦੰਡਕਾਰਣਯ ਜ਼ੋਨ ਵਿੱਚ ਪੰਜ ਡਿਵੀਜ਼ਨ ਸਨ। ਇਨ੍ਹਾਂ ਪੰਜ ਡਿਵੀਜ਼ਨਾਂ - ਉੱਤਰੀ ਬਸਤਰ, ਦੱਖਣੀ ਬਸਤਰ, ਮਾੜ, ਗੜ੍ਹਚਿਰੌਲੀ ਅਤੇ ਬਾਲਾਘਾਟ-ਭੰਡਾਰਾ ਦਾ ਆਪਣੇ-ਆਪਣੇ ਖੇਤਰਾਂ ਵਿੱਚ ਕਾਫ਼ੀ ਪ੍ਰਭਾਵ ਸੀ।

ਇਨ੍ਹਾਂ ਇਲਾਕਿਆਂ ਵਿੱਚ ਸ਼ੱਕੀ ਮਾਓਵਾਦੀ ਸਰਕਾਰ ਲਈ ਇੱਕ ਵੱਡੀ ਚੁਣੌਤੀ ਬਣੇ ਹੋਏ ਹਨ। ਪਰ ਕੇਸ਼ਵ ਰਾਓ ਦੀ ਅਗਵਾਈ ਵਾਲੇ ਸੰਗਠਨ ਕੋਲ ਇਹ ਵਿਰਾਸਤ ਨਹੀਂ ਸੀ।

ਇਸ ਸਥਿਤੀ ਵਿੱਚ ਵੀ ਕੇਸ਼ਵ ਰਾਓ ਨੇ ਸੰਗਠਨ ਦਾ ਵਿਸਥਾਰ ਕਰਨ ਦੀ ਕੋਸ਼ਿਸ਼ ਕੀਤੀ। ਸਾਲ 2016 ਵਿੱਚ ਬਣਾਏ ਗਏ ਐਮਐਮਸੀ ਜ਼ੋਨ ਯਾਨੀ ਮਹਾਰਾਸ਼ਟਰ-ਮੱਧ ਪ੍ਰਦੇਸ਼-ਛੱਤੀਸਗੜ੍ਹ ਜ਼ੋਨ ਨੂੰ ਮਜ਼ਬੂਤ ਕਰਦੇ ਹੋਏ, ਮੱਧ ਪ੍ਰਦੇਸ਼ ਦੇ ਮੰਡਲਾ ਅਤੇ ਬਾਲਾਘਾਟ ਵਿੱਚ ਫੈਲੇ ਕਾਨਹਾ ਨੈਸ਼ਨਲ ਪਾਰਕ ਅਤੇ ਛੱਤੀਸਗੜ੍ਹ ਦੇ ਕਬੀਰਧਾਮ ਦੀ ਭੋਰਮਦੇਵ ਸੈਂਚੂਰੀ ਨੂੰ ਜੋੜ ਕੇ ਕੇਬੀ ਡਿਵੀਜ਼ਨ ਬਣਾਇਆ ਗਿਆ।

ਇਸੇ ਤਰ੍ਹਾਂ ਮਹਾਰਾਸ਼ਟਰ ਦੇ ਗੋਂਦਿਆ, ਛੱਤੀਸਗੜ੍ਹ ਦੇ ਰਾਜਨੰਦਗਾਓਂ ਜ਼ਿਲ੍ਹਾ ਅਤੇ ਮੱਧ ਪ੍ਰਦੇਸ਼ ਦੇ ਬਾਲਾਘਾਟ ਜ਼ਿਲ੍ਹੇ ਨੂੰ ਜੀਆਰਬੀ ਡਿਵੀਜ਼ਨ ਵਿੱਚ ਸ਼ਾਮਲ ਕੀਤਾ ਗਿਆ। ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਸੰਗਠਨ ਦਾ ਵਿਸਥਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ।

ਪਰ ਛੱਤੀਸਗੜ੍ਹ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਦੌਰਾਨ ਜਿਸ ਤਰ੍ਹਾਂ ਇੱਕ ਤੋਂ ਬਾਅਦ ਇੱਕ ਸੁਰੱਖਿਆ ਬਲਾਂ ਦੇ ਕੈਂਪ ਖੋਲ੍ਹੇ ਗਏ, ਉਸ ਨੇ ਮਾਓਵਾਦੀਆਂ ਨੂੰ ਕਿਤੇ ਨਾ ਕਿਤੇ ਮੁਸੀਬਤ ਵਿੱਚ ਪਾ ਦਿੱਤਾ।

ਇਸ ਤੋਂ ਬਾਅਦ, ਜਦੋਂ ਦਸੰਬਰ 2023 ਵਿੱਚ ਆਈ ਭਾਜਪਾ ਦੀ ਵਿਸ਼ਨੂੰਦੇਵ ਸਾਈਂ ਸਰਕਾਰ ਨੇ ਕੁਝ ਮਹੀਨਿਆਂ ਦੇ ਅੰਦਰ ਹੀ ਮਾਓਵਾਦੀਆਂ ਵਿਰੁੱਧ ਹਮਲਾਵਰ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ, ਤਾਂ ਕੇਸ਼ਵ ਰਾਓ ਨੂੰ ਮਾਓਵਾਦੀ ਸੰਗਠਨ ਨੂੰ ਬਚਾਉਣ ਅਤੇ ਬਣਾਈ ਰੱਖਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ।

ਭਾਜਪਾ ਸਰਕਾਰ ਦੇ 15 ਮਹੀਨਿਆਂ ਦੌਰਾਨ, 450 ਤੋਂ ਵੱਧ ਮਾਓਵਾਦੀ ਮਾਰੇ ਗਏ ਸਨ, ਸੈਂਕੜੇ ਗ੍ਰਿਫ਼ਤਾਰ ਕੀਤੇ ਗਏ ਸਨ ਅਤੇ ਕੁਝ ਲਾਪਤਾ ਸਨ। ਵੱਡੀ ਗਿਣਤੀ ਵਿੱਚ ਕਥਿਤ ਮਾਓਵਾਦੀਆਂ ਨੇ ਆਤਮ ਸਮਰਪਣ ਵੀ ਕਰ ਦਿੱਤਾ ਸੀ।

ਹਾਲਾਤ ਅਜਿਹੇ ਬਣ ਗਏ ਕਿ ਮਾਓਵਾਦੀ ਸੰਗਠਨ ਨੇ ਆਪਣਾ ਸਾਰਾ ਜ਼ਿੱਦੀ ਰੁਖ਼ ਛੱਡ ਦਿੱਤਾ ਅਤੇ ਬਿਨਾਂ ਸ਼ਰਤ ਸ਼ਾਂਤੀ ਵਾਰਤਾ ਲਈ ਸਹਿਮਤ ਹੋ ਗਏ। ਪਰ ਹੁਣ ਸਰਕਾਰ ਇਸ ਲਈ ਤਿਆਰ ਨਹੀਂ ਸੀ।

ਛੱਤੀਸਗੜ੍ਹ ਦੇ ਗ੍ਰਹਿ ਮੰਤਰੀ ਵਿਜੇ ਸ਼ਰਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਗੱਲਬਾਤ ਸਿਰਫ਼ ਉਦੋਂ ਹੀ ਹੋਵੇਗੀ ਜਦੋਂ ਮਾਓਵਾਦੀ ਆਪਣੇ ਹਥਿਆਰ ਸੁੱਟ ਦੇਣਗੇ।

## ਕੀ ਇਹ ਮਾਓਵਾਦੀਆਂ ਦੇ ਅੰਤ ਦੀ ਸ਼ੁਰੂਆਤ ਹੈ?

ਪਰ ਅਜਿਹੀਆਂ ਬਿਆਨਬਾਜ਼ੀਆਂ ਦੇ ਵਿਚਕਾਰ ਹੀ ਬੁੱਧਵਾਰ ਨੂੰ ਕੇਸ਼ਵ ਰਾਓ ਦੇ ਮਾਰੇ ਜਾਣ ਤੋਂ ਬਾਅਦ, ਮਾਓਵਾਦੀ ਸੰਗਠਨ ਬਾਰੇ ਕਈ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ।

ਛੱਤੀਸਗੜ੍ਹ ਦੇ ਇੱਕ ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ "ਇਸ ਮੌਤ ਦਾ ਬਾਕੀ ਰਹਿੰਦੇ ਮਾਓਵਾਦੀਆਂ 'ਤੇ ਵੱਡਾ ਮਨੋਵਿਗਿਆਨਕ ਪ੍ਰਭਾਵ ਪਵੇਗਾ। ਕੇਸ਼ਵ ਰਾਓ ਦੇ ਮਾਰੇ ਜਾਣ ਤੋਂ ਬਾਅਦ ਮਾਓਵਾਦੀ ਸੰਗਠਨ ਲੀਡਰਹੀਣ ਹੋ ਗਿਆ ਹੈ।''

''ਅਜਿਹੀ ਸਥਿਤੀ ਵਿੱਚ ਤੁਸੀਂ ਕਹਿ ਸਕਦੇ ਹੋ ਕਿ ਇਹ ਮਾਓਵਾਦੀਆਂ ਦੇ ਅੰਤ ਦੀ ਸ਼ੁਰੂਆਤ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੇਸ਼ ਤੋਂ ਮਾਓਵਾਦ ਨੂੰ ਖ਼ਤਮ ਕਰਨ ਲਈ 31 ਮਾਰਚ, 2026 ਤੱਕ ਦੀ ਜੋ ਸਮਾਂ ਸੀਮਾ ਨਿਰਧਾਰਤ ਕੀਤੀ ਗਈ, ਹੁਣ ਪੂਰੀ ਹੁੰਦੀ ਜਾਪਦੀ ਹੈ।"

ਹਾਲਾਂਕਿ, ਛੱਤੀਸਗੜ੍ਹ ਵਿੱਚ ਕਈ ਸਾਲਾਂ ਤੱਕ ਪੁਲਿਸ ਡਾਇਰੈਕਟਰ ਜਨਰਲ ਦਾ ਅਹੁਦਾ ਸੰਭਾਲਣ ਵਾਲੇ ਵਿਸ਼ਵਰੰਜਨ ਇਸਨੂੰ ਵੱਖਰੇ ਢੰਗ ਨਾਲ ਦੇਖਦੇ ਹਨ।

ਉਹ ਕਹਿੰਦੇ ਹਨ, "ਕੇਸ਼ਵ ਰਾਓ ਦਾ ਮਾਰੇ ਜਾਣਾ ਪੁਲਿਸ ਲਈ ਇੱਕ ਵੱਡੀ ਸਫਲਤਾ ਹੈ। ਇਸਦਾ ਪ੍ਰਭਾਵ ਵੀ ਪਵੇਗਾ। ਇਹ ਸੰਭਵ ਹੈ ਕਿ ਮਾਓਵਾਦੀ ਸਮੱਸਿਆ ਕੁਝ ਸਾਲਾਂ ਲਈ ਸ਼ਾਂਤ ਵੀ ਹੋ ਜਾਵੇ। ਪਰ ਪੁਰਾਣਾ ਇਤਿਹਾਸ ਦਰਸਾਉਂਦਾ ਹੈ ਕਿ 1973 ਵਿੱਚ ਨਕਸਲੀ ਲਹਿਰ ਨੂੰ ਬੁਰੀ ਤਰ੍ਹਾਂ ਕੁਚਲਣ ਤੋਂ ਬਾਅਦ ਵੀ, ਕਈ ਦਹਾਕਿਆਂ ਬਾਅਦ ਨਕਸਲੀਆਂ ਨੇ ਅੰਤ ਵਿੱਚ ਆਪਣੇ ਆਪ ਨੂੰ ਮੁੜ ਸੁਰਜੀਤ ਕਰ ਲਿਆ।"

ਵਿਸ਼ਵਰੰਜਨ ਦੇ ਅਨੁਸਾਰ, ਹੋ ਸਕਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਮਾਓਵਾਦੀ ਲਹਿਰ ਇੱਕ ਅਹਿੰਸਕ ਰੂਪ ਵਿੱਚ ਸਾਹਮਣੇ ਆਵੇ ਜਾਂ ਇਹ ਕਿਸੇ ਹੋਰ ਹਿੰਸਕ ਰੂਪ ਵਿੱਚ ਦੁਬਾਰਾ ਉੱਭਰ ਸਕਦੀ ਹੈ। ਇਸ ਦੀਆਂ ਸੰਭਾਵਨਾਵਾਂ ਬਣੀਆਂ ਅਤੇ ਬਚੀਆਂ ਹੋਈਆਂ ਹਨ।

ਵਿਸ਼ਵਰੰਜਨ ਦੀ ਗੱਲ ਆਪਣੀ ਥਾਂ ਹੈ, ਪਰ ਅੱਜ ਦੀ ਹਕੀਕਤ ਇਹ ਹੈ ਕਿ ਜਿਸ ਮਈ ਦੇ ਮਹੀਨੇ ਵਿੱਚ ਨੰਬਾਲਾ ਕੇਸ਼ਵ ਰਾਓ ਨੂੰ ਮਾਓਵਾਦੀ ਲਹਿਰ ਵਿੱਚ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਸੀ, 33 ਸਾਲ ਬਾਅਦ ਉਸੇ ਮਈ ਦੇ ਮਹੀਨੇ ਵਿੱਚ, ਮਾਓਵਾਦੀ ਲਹਿਰ ਦਾ ਉਹ ਸਿਖਰਲਾ ਆਗੂ ਮਾਰਿਆ ਜਾ ਚੁੱਕਿਆ ਹੈ।

ਮਹੀਨਿਆਂ ਦੀ ਤੀਬਰ ਗਰਮੀ ਤੋਂ ਬਾਅਦ, ਬਸਤਰ ਸਮੇਤ ਛੱਤੀਸਗੜ੍ਹ ਦੇ ਕਈ ਇਲਾਕਿਆਂ ਵਿੱਚ ਜ਼ੋਰਦਾਰ ਮੀਂਹ ਦੇ ਵਿਚਕਾਰ, ਫਿਲਹਾਲ ਕੇਸ਼ਵ ਰਾਓ ਅਤੇ ਹੋਰ ਮਾਓਵਾਦੀ ਆਗੂਆਂ ਦੀਆਂ ਲਾਸ਼ਾਂ ਨੂੰ ਜ਼ਿਲ੍ਹਾ ਹੈੱਡਕੁਆਰਟਰ ਲਿਆਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

# ਪੰਜਾਬ ਵਿੱਚ ਪਹਿਲੀ ਵਾਰ ਜੀਵਨ ਰੱਖਿਅਕ ਆਈ.ਯੂ.ਟੀ. ਨੇ ਕੀਤਾ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਫਗਵਾੜਾ/ਲੁਧਿਆਣਾ (ਸ਼ਿਵ ਕੌੜਾ) ਗਰਭ-ਅਵਸਥਾ ਦੇ ਅੰਦਰ ਖੂਨ ਚੜ੍ਹਾਉਣਾ (IUT) ਅਣਜੰਮੇ ਬੱਚਿਆਂ ਲਈ ਜੀਵਨ-ਰੱਖਿਅਕ ਦਖਲਅੰਦਾਜ਼ੀ ਵਜੋਂ ਕੰਮ ਕਰਦਾ ਹੈ, ਖਾਸ ਕਰਕੇ ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਮਾਂ ਦੇ ਐਂਟੀਬਾਡੀਜ਼ ਉਸਦੇ Rh-ਪਾਜ਼ਿਟਿਵ ਭਰੂਣ ਦੇ ਲਾਲ ਖੂਨ ਦੇ ਸੈੱਲਾਂ 'ਤੇ ਹਮਲਾ ਕਰਦੇ ਹਨ, ਜਿਸ ਨਾਲ ਗੰਭੀਰ ਅਨੀਮੀਆ ਹੁੰਦਾ ਹੈ। ਇਸਦੀ ਵਰਤੋਂ ਉਦੋਂ ਵੀ ਕੀਤੀ ਜਾਂਦੀ ਹੈ ਜਦੋਂ ਭਰੂਣ ਵਿੱਚ ਲਾਲ ਖੂਨ ਦੇ ਸੈੱਲ ਅਪਲਾਸੀਆ (ਲਾਲ ਖੂਨ ਦੇ ਸੈੱਲਾਂ ਦੇ ਉਤਪਾਦਨ ਦੀ ਅਣਹੋਂਦ) ਕਾਰਨ ਹੋਰ ਡਾਕਟਰੀ ਸਥਿਤੀਆਂ ਜਾਂ ਵਾਇਰਲ ਇਨਫੈਕਸ਼ਨਾਂ ਕਾਰਨ ਲਾਲ ਖੂਨ ਦੇ ਸੈੱਲਾਂ ਦੀ ਗਿਣਤੀ ਘੱਟ ਹੁੰਦੀ ਹੈ। ਅਜਿਹੇ ਹਾਲਾਤਾਂ ਵਿੱਚ, IUT ਭਰੂਣ ਦੀ ਅਨੀਮੀਆ ਦੀ ਸਥਿਤੀ ਨੂੰ ਠੀਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀਐਮਸੀਐਚ) ਦੋ ਗਰਭਵਤੀ ਔਰਤਾਂ 'ਤੇ ਸਫਲਤਾਪੂਰਵਕ ਆਈਯੂਟੀ ਕਰਨ ਵਾਲਾ ਪੰਜਾਬ ਦਾ ਪਹਿਲਾ ਹਸਪਤਾਲ ਬਣ ਗਿਆ ਹੈ। ਦੋਵਾਂ ਮਾਮਲਿਆਂ ਵਿੱਚ, ਗਰੱਭਸਥ ਸ਼ੀਸ਼ੂ ਵਿੱਚ ਗੰਭੀਰ ਅਨੀਮੀਆ ਦਾ ਪਤਾ ਉੱਨਤ ਇਮੇਜਿੰਗ ਅਤੇ ਡੋਪਲਰ ਅਲਟਰਾਸਾਊਂਡ ਅਧਿਐਨਾਂ ਦੁਆਰਾ ਲਗਾਇਆ ਗਿਆ ਸੀ। ਸਮੇਂ ਸਿਰ ਦਖਲਅੰਦਾਜ਼ੀ ਨੇ ਜਨਮ ਤੋਂ ਪਹਿਲਾਂ ਬੱਚਿਆਂ ਦੀ ਸਿਹਤ ਅਤੇ ਵਿਕਾਸ ਵਿੱਚ ਕਾਫ਼ੀ ਸੁਧਾਰ ਕੀਤਾ, ਜਿਸ ਨਾਲ ਗਰਭ ਅਵਸਥਾ ਨੂੰ ਉਤਸ਼ਾਹਿਤ ਕੀਤਾ ਗਿਆ। ਲੁਧਿਆਣਾ ਵਿੱਚ ਪੰਜਾਬ ਦਾ ਪਹਿਲਾ ਗਰਭ-ਨਿਵਾਰਕ ਖੂਨ ਚੜ੍ਹਾਉਣ ਵਾਲਾ ਡਾਕਟਰੀ ਦਲ। ਇਸ ਪ੍ਰਕਿਰਿਆ ਵਿੱਚ, ਗਰੱਭਸਥ ਸ਼ੀਸ਼ੂ ਦੀ ਨਾਭੀਨਾਲ ਵਿੱਚ ਖੂਨ ਦਾ ਟੀਕਾ ਲਗਾਇਆ ਜਾਂਦਾ ਹੈ ਤਾਂ ਜੋ ਲਾਲ ਖੂਨ ਦੇ ਸੈੱਲਾਂ ਨੂੰ ਭਰਿਆ ਜਾ ਸਕੇ ਤਾਂ ਜੋ ਜਣੇਪੇ ਲਈ ਇੱਕ ਸੁਰੱਖਿਅਤ ਪੜਾਅ 'ਤੇ ਜਾ ਸਕੇ, ਇਸ ਤਰ੍ਹਾਂ ਭਰੂਣ ਦੇ ਦਿਲ ਦੀ ਅਸਫਲਤਾ (ਹਾਈਡ੍ਰੋਪਸ) ਅਤੇ ਗਰਭ ਅਵਸਥਾ ਨੂੰ ਜਾਰੀ ਰੱਖਣ ਵਰਗੀਆਂ ਜਾਨਲੇਵਾ ਪੇਚੀਦਗੀਆਂ ਨੂੰ ਰੋਕਿਆ ਜਾ ਸਕੇ। IUT ਖਾਸ ਤੌਰ 'ਤੇ Rh ਅਸੰਗਤਤਾ ਦੇ ਮਾਮਲਿਆਂ ਵਿੱਚ ਮਹੱਤਵਪੂਰਨ ਹੈ, ਜਿੱਥੇ ਮਾਂ ਦੀ ਇਮਿਊਨ ਸਿਸਟਮ ਬੱਚੇ ਦੇ ਲਾਲ ਖੂਨ ਦੇ ਸੈੱਲਾਂ ਨੂੰ ਨਸ਼ਟ ਕਰ ਦਿੰਦੀ ਹੈ। ਇਸ ਪ੍ਰਕਿਰਿਆ ਨੂੰ ਅੰਜਾਮ ਦੇਣ ਵਾਲੀ ਬਹੁ-ਅਨੁਸ਼ਾਸਨੀ ਟੀਮ ਵਿੱਚ ਇੰਟਰਵੈਂਸ਼ਨਲ ਰੇਡੀਓਲੋਜਿਸਟ ਡਾ. ਸੁਸ਼ਾਂਤ ਬੱਬਰ, ਪ੍ਰਸੂਤੀ ਅਤੇ ਗਾਇਨੀਕੋਲੋਜੀ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ, ਡਾ.ਆਸ਼ੀਮਾ ਤਨੇਜਾ ਕੌੜਾ,ਬਾਲ ਰੋਗ ਵਿਗਿਆਨ ਦੇ ਪ੍ਰੋਫੈਸਰ, ਡਾ. ਕਮਲ ਅਰੋੜਾ, ਬਾਲ ਰੋਗ ਵਿਗਿਆਨ ਦੇ ਪ੍ਰੋਫੈਸਰ ਅਤੇ ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ ਦੇ ਮੈਂਬਰ ਸ਼ਾਮਲ ਸਨ। "ਗਰਭ ਅਵਸਥਾ ਨੂੰ ਪੂਰੀ ਤਰ੍ਹਾਂ ਬਦਲਣ ਲਈ ਅਲਟਰਾਸਾਊਂਡ ਮਾਰਗਦਰਸ਼ਨ ਹੇਠ ਭਰੂਣ ਦੀ ਨਾਭੀਨਾਲ ਵਿੱਚ ਖੂਨ ਪਹੁੰਚਾਉਣ ਲਈ ਇੱਕ ਰਸਤਾ ਬਣਾਉਣਾ ਇੱਕ ਵੱਡੀ ਤਕਨੀਕੀ ਚੁਣੌਤੀ ਸੀ। ਅਜਿਹੇ ਮਾਮਲੇ ਵਿੱਚ ਯੋਗਦਾਨ ਪਾਉਣਾ ਬਹੁਤ ਹੀ ਫਲਦਾਇਕ ਹੈ ਜਿੱਥੇ ਸਮੇਂ ਸਿਰ ਦਖਲਅੰਦਾਜ਼ੀ ਗਰਭ ਅਵਸਥਾ ਦੇ ਰਾਹ ਨੂੰ ਪੂਰੀ ਤਰ੍ਹਾਂ ਬਦਲ ਸਕਦੀ ਹੈ," ਡਾ. ਸੁਸ਼ਾਂਤ ਬੱਬਰ ਨੇ ਕਿਹਾ।

"ਅਜਿਹੀ ਜਨਮ ਤੋਂ ਪਹਿਲਾਂ ਦੀ ਦੇਖਭਾਲ ਦਾ ਨਿਦਾਨ ਅਤੇ ਦਖਲ ਦੇਣ ਦੀ ਸਾਡੀ ਯੋਗਤਾ ਬਹੁਤ ਮਾਣ ਵਾਲੀ ਗੱਲ ਹੈ। ਇਹ ਸਾਡੇ ਲਈ ਇੱਕ ਮੀਲ ਪੱਥਰ ਹੈ," ਡਾ. ਕਵਿਤਾ ਸੱਗਰ, ਪ੍ਰੋਫੈਸਰ ਨੇ ਕਿਹਾ।

ਅਤੇ ਮੁਖੀ, ਰੇਡੀਓਲੋਜੀ ਵਿਭਾਗ, ਡੀਐਮਸੀਐਚ। ਡਾ. ਆਸ਼ਿਮਾ ਤਨੇਜਾ ਕੌੜਾ ਨੇ ਕਿਹਾ, "ਇਸ ਦਖਲਅੰਦਾਜ਼ੀ ਨੇ ਭਰੂਣ ਨੂੰ ਜੀਵਨ ਵਿੱਚ ਇੱਕ ਅਸਲ ਮੌਕਾ ਦਿੱਤਾ ਅਤੇ ਤਾਲਮੇਲ ਵਾਲੀ ਮਾਂ-ਭਰੂਣ ਦੇਖਭਾਲ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਇਹ ਨਾ ਸਿਰਫ਼ ਸਾਡੇ ਵਿਭਾਗ ਲਈ, ਸਗੋਂ ਪੰਜਾਬ ਵਿੱਚ ਮਾਂ-ਭਰੂਣ ਦੇਖਭਾਲ ਲਈ ਇੱਕ ਮਾਣ ਵਾਲਾ ਪਲ ਹੈ। IUT ਉਦੋਂ ਕੀਤਾ ਜਾਂਦਾ ਹੈ ਜਦੋਂ ਬੱਚਾ ਗੰਭੀਰ ਅਨੀਮੀਆ ਤੋਂ ਪੀੜਤ ਹੁੰਦਾ ਹੈ, ਜੋ ਕਿ ਭਰੂਣ ਸੰਚਾਰ ਪ੍ਰਣਾਲੀ ਵਿੱਚ ਗੁਣਵੱਤਾ ਵਾਲੇ ਲਾਲ ਖੂਨ ਦੇ ਸੈੱਲਾਂ ਦੀ ਨਾਕਾਫ਼ੀ ਗਿਣਤੀ ਹੈ। ਲਾਲ ਖੂਨ ਦੇ ਸੈੱਲ ਸਰੀਰ ਦੇ ਅੰਦਰ ਸੈੱਲਾਂ ਅਤੇ ਅੰਗਾਂ ਤੱਕ ਆਕਸੀਜਨ ਪਹੁੰਚਾਉਂਦੇ ਹਨ, ਇਸ ਲਈ ਅਨੀਮੀਆ ਕਈ ਤਰ੍ਹਾਂ ਦੀਆਂ ਪੇਚੀਦਗੀਆਂ ਪੈਦਾ ਕਰ ਸਕਦਾ ਹੈ - ਕੁਝ ਘਾਤਕ ਹੋ ਸਕਦੀਆਂ ਹਨ।" ਡੀਐਮਸੀਐਚ ਦੇ ਪ੍ਰਿੰਸੀਪਲ ਡਾ. ਜੀ.ਐਸ. ਵਾਂਡਰ ਨੇ ਕਿਹਾ ਕਿ ਅਜਿਹੀ ਅਤਿ-ਆਧੁਨਿਕ ਤਕਨਾਲੋਜੀ ਦੀ ਸ਼ੁਰੂਆਤ ਸੰਸਥਾ ਦੇ ਵਿਗਿਆਨ ਨੂੰ ਹਮਦਰਦੀ ਵਾਲੇ ਮਰੀਜ਼ਾਂ ਦੀ ਦੇਖਭਾਲ ਨਾਲ ਜੋੜਨ ਦੇ ਦ੍ਰਿਸ਼ਟੀਕੋਣ ਦੀ ਉਦਾਹਰਣ ਦਿੰਦੀ ਹੈ। "ਗਰਭਸਥ ਸ਼ੀਸ਼ੂ ਵਿੱਚ ਗੰਭੀਰ ਅਨੀਮੀਆ, ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਭਰੂਣ ਦੀ ਮੌਤ ਦਾ ਕਾਰਨ ਬਣ ਸਕਦਾ ਹੈ। IUT ਗੰਭੀਰ ਅਨੀਮੀਆ ਵਾਲੇ ਭਰੂਣਾਂ ਲਈ ਜੀਵਨ ਰੱਖਿਅਕ ਹੋ ਸਕਦਾ ਹੈ। ਇਹ ਇੱਕ ਗੁੰਝਲਦਾਰ ਪ੍ਰਕਿਰਿਆ ਹੈ, ਪਰ ਅਲਟਰਾਸਾਊਂਡ ਮਾਰਗਦਰਸ਼ਨ, ਤਕਨੀਕ ਅਤੇ ਭਰੂਣ ਦੇ ਸਰੀਰ ਵਿਗਿਆਨ ਦੀ ਚੰਗੀ ਸਮਝ ਵਿੱਚ ਤਰੱਕੀ ਨੇ ਇਸਨੂੰ ਸੰਭਵ ਅਤੇ ਸਫਲ ਬਣਾਇਆ ਹੈ।"

# ਐਲ.ਪੀ.ਯੂ. ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹੇੜੂ ਵਿਖੇ ਲਗਾਇਆ ਅੱਖਾਂ ਤੇ ਸਿਹਤ ਜਾਂਚ ਦਾ ਫਰੀ ਕੈਂਪ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਫਗਵਾੜਾ 22 ਮਈ (ਸ਼ਿਵ ਕੌੜਾ) ਭਾਰਤ ਸਰਕਾਰ ਦੇ ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨਾਲੋਜੀ (ਡੀ.ਐਸ.ਟੀ.) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਵਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਦੇ ਸਹਿਯੋਗ ਨਾਲ ਚਲਾਏ ਜਾ ਰਹੇ ਸਿੱਖਿਆ, ਸਿਹਤ ਅਤੇ ਰੁਜ਼ਗਾਰ ਪ੍ਰੋਜੈਕਟਾਂ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹੇੜੂ ਵਿਖੇ ਵਿਦਿਆਰਥੀਆਂ ਦੀਆਂ ਅੱਖਾਂ ਅਤੇ ਸਿਹਤ ਜਾਂਚ ਦਾ ਫਰੀ ਕੈਂਪ ਲਗਾਇਆ ਗਿਆ। ਐਲ.ਪੀ.ਯੂ. ਦੀ ਟੀਮ ਵਜੋਂ ਡਾ. ਗੀਤਾ ਅਰੋੜਾ, ਡਾ. ਵੰਦਨਾ ਛਾਬੜਾ ਅਤੇ ਡਾ. ਮਨਵੀਰ ਕੌਰ ਦੀ ਦੇਖਰੇਖ ਹੇਠ ਆਯੋਜਿਤ ਇਸ ਕੈਂਪ 'ਚ ਫਗਵਾੜਾ ਦੀ ਸਮਾਜ ਸੇਵੀ ਜੱਥੇਬੰਦੀ ਸਰਬ ਨੌਜਵਾਨ ਸਭਾ ਦਾ ਵੀ ਸਹਿਯੋਗ ਰਿਹਾ। ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ. ਤੁਸ਼ਾਰ ਅਗਰਵਾਲ ਅਤੇ ਡਾ. ਸਰਬਜੀਤ ਸਿੰਘ (ਸਰਜਨ, ਜਲੰਧਰ) ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਡਾ. ਤੁਸ਼ਾਰ ਅਗਰਵਾਲ ਦੀ ਦੇਖ-ਰੇਖ ਹੇਠ ਉਹਨਾਂ ਦੇ ਹਸਪਤਾਲ ਦੀ ਮਾਹਿਰ ਟੀਮ ਨੇ ਕਰੀਬ 150 ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਅੱਖਾਂ ਦੀ ਸੰਭਾਲ ਬਾਰੇ ਜਾਗਰੁਕ ਕੀਤਾ। ਡਾ. ਸਰਬਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਅਤੇ ਬਿਮਾਰੀਆਂ ਤੋਂ ਬਚਾਅ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਤੋਂ ਜਾਣੂ ਕਰਵਾਇਆ। ਡਾ. ਗੀਤਾ ਅਰੋੜਾ, ਡਾ. ਵੰਦਨਾ ਛਾਬੜਾ ਅਤੇ ਡਾ. ਮਨਵੀਰ ਕੌਰ ਨੇ ਵੀ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਸਬੰਧੀ ਮਹੱਤਵਪੂਰਣ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਜੋਕੇ ਸਮੇਂ 'ਚ ਚੰਗੀ ਸਿਹਤ ਅਤੇ ਸੁਚੱਜੇ ਜੀਵਨ ਪ੍ਰਬੰਧਨ ਨਾਲ ਹੀ ਦੇਹ ਅਰੋਗਤਾ ਅਤੇ ਤੰਦਰੁਸਤੀ ਮਿਲ ਸਕਦੀ ਹੈ। ਸਕੂਲ ਇੰਚਾਰਜ ਮੈਡਮ ਹਰਦੀਪ ਕੌਰ, ਲਖਵੀਰ ਚੰਦ, ਰੀਨਾ ਕੁਮਾਰੀ, ਸੰਗੀਤਾ ਬੰਗੜ ਅਤੇ ਮਨਰਾਜ ਕੌਰ ਨੇ ਐਲ.ਪੀ.ਯੂ. ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਇਸ ਕੈਂਪ ਲਈ ਐਲ.ਪੀ.ਯੂ. ਤੋਂ ਇਲਾਵਾ ਡਾਕਟਰਾਂ ਦੀ ਸਮੁੱਚੀ ਟੀਮ ਅਤੇ ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕੈਂਪ ਦੀ ਸਮਾਪਤੀ ਸਮੇਂ ਲਵਲੀ ਯੁਨੀਵਰਸਿਟੀ ਵਲੋਂ ਡਾਕਟਰ ਸਾਹਿਬਾਨ ਅਤੇ ਸਕੂਲ ਸਟਾਫ ਨੂੰ ਸਹਿਯੋਗ ਲਈ ਸਨਮਾਨਿਤ ਕੀਤਾ ਗਿਆ। ਐਲ.ਪੀ.ਯੂ. ਦੀ ਟੀਮ ਨੇ ਮੈਡਮ ਨਵਜੋਤ ਕੌਰ ਅਤੇ ਕੁਮਾਰੀ ਕੋਮਲਪ੍ਰੀਤ ਕੌਰ ਦਾ ਖਾਸ ਤੌਰ ਤੇ ਧੰਨਵਾਦ ਕੀਤਾ।

# ਵਾਧੂ ਚਾਰਜ ਵਾਲੇ ਅਧਿਕਾਰੀਆਂ ਦੇ ਸਹਾਰੇ ਚੱਲ ਰਹੀ ਕਾਰਪੋਰੇਸ਼ਨ ਦੀ ਬਿਲਡਿੰਗ ਬ੍ਰਾਂਚ : ਦੁੱਗਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਫਗਵਾੜਾ 22 ਮਈ (ਸ਼ਿਵ ਕੌੜਾ) ਨਗਰ ਨਿਗਮ ਫਗਵਾੜਾ ਦੀ ਬਿਲਡਿੰਗ ਬ੍ਰਾਂਚ ਵਿੱਚ ਕਿਸੇ ਵੀ ਅਧਿਕਾਰੀ ਦੀ ਸਥਾਈ ਨਿਯੁਕਤੀ ਨਾ ਹੋਣ ਕਾਰਨ ਆਮ ਲੋਕਾਂ ਨੂੰ ਹੋ ਰਹੀ ਪਰੇਸ਼ਾਨੀ ਦਾ ਜਿਕਰ ਕਰਦਿਆਂ ਭਾਜਪਾ ਆਗੂ ਅਸ਼ੋਕ ਦੁੱਗਲ ਨੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਜਸ਼ੈਲੀ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਫਗਵਾੜਾ ਕਾਰਪੋਰੇਸ਼ਨ ਵਿੱਚ ਨਾ ਤਾਂ ਕੋਈ ਪੂਰਣਕਾਲੀਨ ਕਾਰਪੋਰੇਸ਼ਨ ਕਮਿਸ਼ਨਰ ਹੈ ਅਤੇ ਨਾ ਹੀ ਬਿਲਡਿੰਗ ਬ੍ਰਾਂਚ ਵਿੱਚ ਕੋਈ ਸੀਨੀਅਰ ਅਧਿਕਾਰੀ ਪੱਕੇ ਤੌਰ ਤੇ ਤਾਇਨਾਤ ਹੈ। ਇਹ ਸਾਰਾ ਕੰਮ ਵਾਧੂ ਚਾਰਜ ਸੰਭਾਲ ਰਹੇ ਅਧਿਕਾਰੀਆਂ ਦੇ ਸਹਾਰੇ ਚੱਲ ਰਿਹਾ ਹੈ। ਲੋਕਾਂ ਦੀਆਂ ਇਮਾਰਤਾਂ ਦੇ ਨਕਸ਼ੇ ਪਾਸ ਨਹੀਂ ਹੋ ਰਹੇ ਅਤੇ ਪਲਾਟਾਂ ਦੀ ਐਨਓਸੀ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਨਿਗਮ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੂੰ ਡਿਪਟੀ ਕਮਿਸ਼ਨਰ ਵਜੋਂ ਤਰੱਕੀ ਦਿੱਤੀ ਗਈ ਹੈ ਅਤੇ ਉਹ ਕਪੂਰਥਲਾ ਗਏ ਹਨ, ਉਦੋਂ ਤੋਂ ਏ.ਡੀ.ਸੀ. ਨੂੰ ਕਾਰਪੋਰੇਸ਼ਨ ਕਮਿਸ਼ਨਰ ਦਾ ਵਾਧੂ ਚਾਰਜ ਦਿੱਤਾ ਜਾ ਰਿਹਾ ਹੈ। ਜਿਸ ਤੋਂ ਲੱਗਦਾ ਹੈ ਕਿ ਭਗਵੰਤ ਮਾਨ ਸਰਕਾਰ ਪਾਸ ਕੋਈ ਯੋਗ ਪ੍ਰਸ਼ਾਸਨਿਕ ਅਧਿਕਾਰੀ ਨਹੀਂ ਹੈ ਜਿਸਨੂੰ ਪੂਰੇ ਸਮੇਂ ਦਾ ਨਿਗਮ ਕਮਿਸ਼ਨਰ ਨਿਯੁਕਤ ਕੀਤਾ ਜਾ ਸਕੇ? ਅਸ਼ੋਕ ਦੁੱਗਲ ਦੇ ਅਨੁਸਾਰ, ਇਸ ਸਮੇਂ ਨਿਗਮ ਦੀ ਹਾਲਤ ਇੰਨੀ ਮਾੜੀ ਹੈ ਕਿ ਕੋਈ ਐਕਸ.ਈ.ਐਨ ਜਾਂ ਸੁਪਰਡੈਂਟ ਵੀ ਨਹੀਂ ਹੈ। ਪਹਿਲਾਂ ਜਿਹੜੇ ਅਧਿਕਾਰੀ ਸਨ, ਉਹ 'ਆਪ' ਆਗੂਆਂ ਦੇ ਨਜਾਇਜ ਦਬਾਅ ਤੋਂ ਪਰੇਸ਼ਾਨ ਹੋ ਕੇ ਦੂਜੇ ਸ਼ਹਿਰਾਂ ਵਿੱਚ ਤਬਾਦਲੇ ਕਰਵਾ ਚੁੱਕ ਹਨ। ਜਿਸ ਕਾਰਨ ਆਮ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸ਼ਹਿਰ ਦਾ ਵਿਕਾਸ ਵੀ ਠੱਪ ਹੋ ਗਿਆ ਹੈ। ਭਾਜਪਾ ਆਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਦੁਰਦਸ਼ਾ ਤੋਂ ਕੋਈ ਸਬਕ ਨਹੀਂ ਸਿੱਖਿਆ। ਫਗਵਾੜਾ ਦੇ ਲੋਕ ਇਸ ਸਰਕਾਰ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ। ਨਿਗਮ ਦਫਤਰ ਵਿੱਚ ਜ਼ਰੂਰੀ ਕੰਮ ਕਰਵਾਉਣ ਲਈ ਆਉਣ ਵਾਲੇ ਲੋਕ ਰੋਜ਼ਾਨਾ ਦੀ ਖੱਜਲ ਖੁਆਰੀ ਤੋਂ ਪਰੇਸ਼ਾਨ ਹਨ ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸਰਕਾਰ ਨੂੰ ਕੋਸਦੇ ਨਜ਼ਰ ਆਉਂਦੇ ਹਨ। 'ਆਪ' ਸਰਕਾਰ ਵਿਰੁੱਧ ਜਨਤਾ ਦਾ ਗੁੱਸਾ ਇਸ ਹੱਦ ਤੱਕ ਵੱਧ ਰਿਹਾ ਹੈ ਕਿ ਕਿਸੇ ਵੀ ਸਮੇਂ ਫੁੱਟ ਸਕਦਾ ਹੈ।

# ਕੁਲਬੀਰ ਸਿੰਘ ਜ਼ੀਰਾ ਦੀ ਅਗਵਾਈ ਹੇਠ 35 ਪਰਿਵਾਰਾਂ ਨੇ ਕਾਂਗਰਸ ਦਾ ਹੱਥ ਫੜਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਜ਼ੀਰਾ 22 ਮਈ ( ਅੰਗਰੇਜ਼ ਬਰਾੜ ) - ਕਾਂਗਰਸ ਪਾਰਟੀ ਦੇ ਜ਼ਿਲ੍ਹਾ ਫਿਰੋਜ਼ਪੁਰ ਤੋਂ ਪ੍ਰਧਾਨ ਅਤੇ ਹਲਕਾ ਜੀਰਾ ਤੋਂ ਸਾਬਕਾ ਐਮ ਐਲ ਏ ਸਰਦਾਰ ਕੁਲਬੀਰ ਸਿੰਘ ਜੀਰਾ ਦੀ ਅਗਵਾਈ ਹੇਠ ਪਿੰਡ ਬੁਈਆਂ ਵਾਲਾ ਦੇ 35 ਪਰਿਵਾਰਾਂ ਨੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ ਦਾ ਹੱਥ ਫੜ ਲਿਆ ਹੈ। ਪਿੰਡ ਬੁਈਆਂ ਵਾਲਾ ਦੇ ਬਲਕਰਨ ਸਿੰਘ ਦੇ ਗ੍ਰਹਿ ਵਿਖੇ ਹੋਏ ਇੱਕ ਸਮਾਗਮ ਦੌਰਾਨ ਸੁਰਜੀਤ ਸਿੰਘ, ਸੁੱਚਾ ਸਿੰਘ,ਕਿੱਕਰ ਸਿੰਘ, ਗੁਰਵਿੰਦਰ ਸਿੰਘ, ਗੁਰਮੇਜ਼ ਸਿੰਘ, ਮਹਿੰਦਰ ਸਿੰਘ, ਗੁਰਵਿੰਦਰ ਸਿੰਘ, ਬਲਬੀਰ ਸਿੰਘ, ਕਰਮ ਸਿੰਘ, ਰੂਪ ਸਿੰਘ, ਨਾਇਬ ਸਿੰਘ, ਗੁਰਜੰਟ ਸਿੰਘ , ਜਗਦੀਪ ਸਿੰਘ, ਟਹਿਲ ਸਿੰਘ, ਜਤਿੰਦਰ ਸਿੰਘ,ਗੁਰਵਿੰਦਰ ਸਿੰਘ, ਅੰਗਰੇਜ ਸਿੰਘ, ਗੁਰਸੇਵਕ ਸਿੰਘ, ਕੁਲਦੀਪ ਸਿੰਘ , ਸੁਖਵਿੰਦਰ ਸਿੰਘ, ਦਰਸ਼ਨ ਸਿੰਘ, ਤਰਸੇਮ ਸਿੰਘ, ਪੰਨੂੰ,ਮਹਿੰਗਾ ਸਿੰਘ,ਲਖਵੀਰ ਸਿੰਘ, ਗੁਰਮੀਤ ਸਿੰਘ, ਤਰਸੇਮ ਸਿੰਘ, ਬਲਵੀਰ ਸਿੰਘ,ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ ਮਿਸਤਰੀ, ਹਰਜੀਤ ਸਿੰਘ, ਗੁਰਬਚਨ ਸਿੰਘ, ਗੁਰਚਰਨ ਸਿੰਘ ਅਤੇ ਗੁਰਭੇਜ ਸਿੰਘ ਆਦਿ ਆਪਣੇ ਪਰਿਵਾਰਾ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਬੋਹੜ ਸਿੰਘ ਜੋਈਆਂ ਵਾਲਾ, ਮਨਪ੍ਰੀਤ ਸਿੰਘ ਜੋਈਆਂ ਵਾਲਾ, ਸੁਖਮੰਦਰ ਸਿੰਘ ਜੋਈਆਂ ਵਾਲਾ, ਸਿਮਰਜੀਤ ਸਿੰਘ ਜੋਈਆਂ ਵਾਲਾ , ਲਖਵਿੰਦਰ ਸਿੰਘ ਜੋੜਾ, ਕੁਲਦੀਪ ਸਿੰਘ ਸਸਤੇ ਵਾਲੀ, ਨਿਸ਼ਾਨ ਸਿੰਘ ਬਾਠ ਜੋਗੇ ਵਾਲਾ, ਵੀਰ ਸਿੰਘ ਮਾਣਕਿਆ ਵਾਲੀ, ਮਨਪ੍ਰੀਤ ਸਿੰਘ ਮਾਣਕਿਆ ਵਾਲੀ, ਡਾ ਸਤਵੰਤ ਮਾਣਕਿਆ ਵਾਲੀ, ਬਲਜੀਤ ਸਿੰਘ ਮਸਤੇ ਵਾਲਾ, ਪ੍ਰਿਥਪਾਲ ਸਿੰਘ ਜ਼ੈਲਦਾਰ, ਬਿੱਟਾ ਸਰਪੰਚ ਅਤੇ ਲਵਦੀਪ ਸਿੰਘ ਮਾਨੋਚਾਲ ਹਾਜ਼ਿਰ ਸਨ।

# ਪਦਮ ਸ਼੍ਰੀ ਐਵਾਰਡੀ ਡਾ. ਰਤਨ ਸਿੰਘ ਜੱਗੀ ਦੇ ਦੇਹਾਂਤ 'ਤੇ ਡੂੰਘੇ ਦੁੱਖ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਪੰਜਾਬ ਦੇ ਸਿੱਖਿਆ ਅਤੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਉੱਘੇ ਵਿਦਵਾਨ ਅਤੇ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਡਾ. ਰਤਨ ਸਿੰਘ ਜੱਗੀ, ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਪੰਜਾਬੀ ਅਤੇ ਹਿੰਦੀ ਸਾਹਿਤ ਜਗਤ ਵਿੱਚ ਨਾਮਣਾ ਖੱਟਣ ਵਾਲੇ ਡਾ. ਜੱਗੀ ਦਾ ਅੱਜ 98 ਸਾਲ ਦੀ ਉਮਰ ਵਿੱਚ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ ਡਾ. ਗੁਰਸ਼ਰਨ ਕੌਰ ਜੱਗੀ( ਸੇਵਾਮੁਕਤ ਪ੍ਰਿੰਸੀਪਲ, ਸਰਕਾਰੀ ਕਾਲਜ ਫਾਰ ਵੂਮੈਨ ਪਟਿਆਲਾ) ਅਤੇ ਪੁੱਤਰ ਸ਼੍ਰੀ. ਮਾਲਵਿੰਦਰ ਸਿੰਘ ਜੱਗੀ (ਸੇਵਾਮੁਕਤ ਆਈ.ਏ.ਐਸ.) ਹਨ।

ਆਪਣੇ ਸ਼ੋਕ ਸੰਦੇਸ਼ ਵਿੱਚ, ਸ. ਹਰਜੋਤ ਸਿੰਘ ਬੈਂਸ ਨੇ ਡਾ. ਰਤਨ ਸਿੰਘ ਜੱਗੀ ਦੇ ਮੱਧਕਾਲੀ ਸਾਹਿਤ ਵਿੱਚ ਪਾਏ ਸ਼ਾਨਦਾਰ ਯੋਗਦਾਨ ਦੀ ਸ਼ਲਾਘਾ ਕੀਤੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਸਾਬਕਾ ਪ੍ਰੋਫੈਸਰ ਅਤੇ ਮੁਖੀ ਡਾ. ਜੱਗੀ ਨੂੰ ਕਈ ਪੁਰਸਕਾਰ ਮਿਲੇ, ਜਿਨ੍ਹਾਂ ਵਿੱਚ ਪਦਮ ਸ਼੍ਰੀ (2023), ਸਾਹਿਤ ਅਕਾਦਮੀ ਪੁਰਸਕਾਰ (1989), ਅਤੇ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਸ਼ਾਮਲ ਹਨ, ਜੋ ਕਿ ਅਕਾਦਮਿਕ ਉੱਤਮਤਾ ਅਤੇ ਸਾਹਿਤ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਪ੍ਰਮਾਣ ਹਨ। ਉਨ੍ਹਾਂ ਦੇ ਸਮਰਪਣ ਅਤੇ ਲਗਨ ਨੇ ਅਣਗਿਣਤ ਵਿਅਕਤੀਆਂ ਨੂੰ ਪ੍ਰੇਰਿਤ ਕੀਤਾ ਅਤੇ ਚਿਰ-ਸਥਾਈ ਪ੍ਰਭਾਵ ਛੱਡਿਆ।

# ਮਿੱਟੀ ਅਤੇ ਪਾਣੀ ਪਰਖ ਕਰਵਾਉਣ ਸਬੰਧੀ ਪਿੰਡ ਹੇੜੀਕੇ ਵਿਖੇ ਲਗਾਇਆ ਕੈਂਪ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 22 ਮਈ, 2025: ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਦਫ਼ਤਰ ਨੇ ਪਿੰਡ ਹੇੜੀਕੇ ਵਿਖੇ ਮਿੱਟੀ ਅਤੇ ਪਾਣੀ ਪਰਖ਼ ਕਰਵਾ ਕੇ ਹੀ ਰਸਾਇਣਿਕ ਖਾਦਾਂ ਪਾਉਣ ਸਬੰਧੀ ਇੱਕ ਦਿਨਾਂ ਸਿਖਲਾਈ ਕੈਂਪ ਲਗਾਇਆ। ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ ਗਰਗ, ਜ਼ਿਲਾ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਢੰਗਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਮਿੱਟੀ ਪਰਖ਼ ਕਰਵਾ ਕੇ ਕਿਸਾਨਾਂ ਨੂੰ ਖੇਤ ਦੀ ਪੀ ਐੱਚ, ਲੂਣਾਂ ਦੀ ਮਾਤਰਾ, ਜੈਵਿਕ




ਕਾਰਬਨ, ਫਾਸਫੋਰਸ ਅਤੇ ਪੋਟਾਸ਼ ਆਦਿ ਵੱਡੇ ਖੁਰਾਕੀ ਤੱਤਾਂ ਦੇ ਨਾਲ-ਨਾਲ ਛੋਟੇ ਖੁਰਾਕੀ ਤੱਤ ਜਿਵੇਂ ਕਿ ਜ਼ਿੰਕ, ਲੋਹਾ, ਤਾਂਬਾ ਅਤੇ ਮੈਂਗਨੀਜ਼ ਆਦਿ ਬਾਰੇ ਦੀ ਜਾਣਕਾਰੀ ਮਿਲਦੀ ਹੈ। ਕਿਸਾਨਾਂ ਨੂੰ ਯੂਰੀਆ ਖਾਦ ਦੀ ਸੰਜਮ ਨਾਲ ਵਰਤੋਂ ਕਰਨ ਲਈ ਪ੍ਰੇਰਦੇ ਹੋਏ ਡਾ. ਅਸ਼ੋਕ ਨੇ ਕਿਹਾ ਕਿ ਦਰਮਿਆਨੀਆਂ ਅਤੇ ਘੱਟ ਸਮੇਂ ਦੀਆਂ ਝੋਨੇ ਦੀਆਂ ਕਿਸਮਾਂ ਨੂੰ ਕਿਸਾਨ ਵੀਰ ਕੇਵਲ 90 ਕਿਲੋ ਯੂਰੀਆ ਹੀ ਪ੍ਰਤੀ ਏਕੜ ਪਾਉਣ। ਜ਼ਿੰਕ ਦੀ ਘਾਟ ਆਉਣ ਤੇ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ 16 ਕਿਲੋ ਪ੍ਰਤੀ ਏਕੜ ਜਾਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਪ੍ਰਤੀ ਏਕੜ ਪਾਇਆ ਜਾ ਸਕਦਾ ਹੈ। ਜੀਵਾਣੂੰ ਖਾਦ ਦੇ ਟੀਕੇ ਝੋਨੇ ਅਤੇ ਬਾਸਮਤੀ ਦੀ ਪੌਦ ਨੂੰ ਲਗਾਉਣ ਨਾਲ ਜਿੱਥੇ ਮਿੱਟੀ ਦੀ ਸਿਹਤ ਸੁਧਰਦੀ ਹੈ ਉੱਥੇ ਝਾੜ ਦੇ ਵਿੱਚ ਵੀ ਵਾਧਾ ਹੁੰਦਾ ਹੈ। ਉਹਨਾਂ ਨੇ ਝੋਨੇ ਦੀ ਤੰਦਰੁਸਤ ਪਨੀਰੀ ਉਗਾਉਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਲੋਹੇ ਦੀ ਘਾਟ ਨੂੰ ਪੂਰਾ ਕਰਨ ਦੇ ਨੁਸਖੇ ਦੱਸੇ। ਝੋਨੇ ਦੀ ਪੀ ਆਰ 126 ਕਿਸਮ ਨੂੰ 15 ਜੁਲਾਈ ਤੋਂ ਪਹਿਲਾਂ ਹੀ ਲੁਆਈ ਲਈ ਪ੍ਰੇਰਿਆ। ਪਸ਼ੂਆਂ ਦੀ ਸਿਹਤ ਸੁਧਾਰ ਲਈ ਧਾਤਾਂ ਦੇ ਚੂਰੇ, ਪਸ਼ੂ ਚਾਟ ਅਤੇ ਬਾਈਪਾਸ ਫੈਟ ਆਦਿ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਝੋਨੇ ਦੀ ਪੀ ਆਰ 131 ਅਤੇ ਬਾਸਮਤੀ ਦੀ ਪੰਜਾਬ ਬਾਸਮਤੀ 7 ਕਿਸਮ ਦਾ ਬੀਜ ਵੀ ਮੇਲ ਲਈ ਉਪਲਬਧ ਕਰਵਾਇਆ ਗਿਆ।

ਕੈਂਪ ਦੇ ਅਖੀਰ ਵਿੱਚ ਸ. ਰਵਿੰਦਰ ਸਿੰਘ ਅਤੇ ਸ. ਜਸਪਾਲ ਸਿੰਘ ਨੂੰ ਨਾਲ ਲੈ ਕੇ ਪਿੰਡ ਦੇ ਕਿਸਾਨਾਂ ਨੇ ਮਿੱਟੀ ਦੇ ਨਮੂਨੇ ਲੈਣ ਲਈ ਖੇਤ ਵਿੱਚ ਜਾ ਕੇ ਮੌਕੇ ਤੇ ਹੀ ਮਿੱਟੀ ਦੇ ਨਮੂਨੇ ਇਕੱਤਰ ਕੀਤੇ। ਡਾ. ਅਸ਼ੋਕ ਕੁਮਾਰ ਨੇ ਕਿਸਾਨਾਂ ਨੂੰ ਖੇਤ ਨੂੰ ਦਰਸਾਉਂਦਾ ਹੋਇਆ ਮਿੱਟੀ ਦਾ ਨਮੂਨਾ ਤਿਆਰ ਕਰਕੇ ਦਿਖਾਇਆ। ਭਾਗ ਲੈ ਰਹੇ ਕਿਸਾਨਾਂ ਨੇ ਆਪਣੇ-ਆਪਣੇ ਖੇਤਾਂ ਦੀ ਮਿੱਟੀ ਦੀ ਜਾਂਚ ਕਰਵਾ ਕੇ ਹੀ ਖਾਦਾਂ ਪਾਉਣ ਲਈ ਆਪਣੀ ਉਤਸੁਕਤਾ ਦਿਖਾਈ ਅਤੇ ਜਲਦੀ ਤੋਂ ਜਲਦੀ ਨਮੂਨੇ ਇਕੱਤਰ ਕਰਕੇ ਦਫ਼ਤਰ ਪਹੁੰਚਾਉਣ ਦਾ ਵਾਅਦਾ ਕੀਤਾ।

# ਅੱਤ ਦੀ ਗਰਮੀ ਦੇ ਕਹਿਰ ਕਾਰਨ ਸਮੁੱਚੇ ਸਕੂਲਾਂ ਦਾ ਸਮਾਂ 7 ਵਜੇ ਤੋਂ 11 ਵਜੇ ਤਕ ਕੀਤਾ ਜਾਵੇ -ਜੀ.ਐਸ.ਟੀ.ਯੂ.

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੀ ਅਹਿਮ ਵਰਚੁਅਲ ਮੀਟਿੰਗ ਸੂਬਾ ਪ੍ਰਧਾਨ ਸੁਰਿੰਦਰ ਪੁਆਰੀ, ਕਾਰਜਕਾਰੀ ਸਕੱਤਰ ਜਿੰਦਰ ਪਾਇਲਟ,ਪਰਵੀਨ ਕੁਮਾਰ,ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ,ਐਡੀਸ਼ਨਲ ਸਕੱਤਰ ਬਾਜ਼ ਸਿੰਘ ਭੁੱਲਰ,ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ,ਪਰਮਿੰਦਰ ਸਿੰਘ ਸੋਢੀ ਜਨਲ




ਸਕੱਤਰ,ਰਾਜਬੀਰ ਸਿੰਘ ਢਿੱਲੋ ਸੀਨ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮਾੜੀਮੇਘਾ,ਨਰਿੰਦਰ ਨੂਰ ਜਗਮੋਹਨ ਸਿੰਘ, ਅਤੇ ਬਲਜੀਤ ਟੌਮ, ਜਸਪਾਲ ਸੰਧੂ, ਹਰਕਮਲ ਸਿੰਘ ਸੰਧੂ, ਬੂਟਾ ਮਸਾਣੀ, ਜਗਜੀਤ ਸਿੰਘ ਰੰਧਾਵਾ, ਨਰਿੰਦਰ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਹੋਈ ਇਸ ਦੌਰਾਨ ਆਗੂਆਂ ਨੇ ਸਰਕਾਰ ਕੋਲੋ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ ‘ਚ ਇਸ ਵੇਲੇ ਅੱਤ ਦੀ ਗਰਮੀ ਪੈ ਰਹੀ ਹੈ।ਸਾਰੇ ਪੰਜਾਬ ‘ਚ ਸਵੇਰੇ 11 ਵਜੇ ਤੋਂ ਬਾਅਦ ਹੀ ਗਰਮ ਲੂਆਂ ਚਲ ਰਹੀਆਂ ਹਨ ਅਤੇ ਪਿੰਡਾਂ ਵਿੱਚ ਰੋਜ਼ਾਨਾ ਸਵੇਰੇ ਬਿਜਲੀ ਦੀ ਸਪਲਾਈ ਬੰਦ ਹੋ ਜਾਂਦੀ ਹੈ। ਜਿਸ ਕਾਰਨ ਜਿੱਥੇ ਬੱਚਿਆਂ ਨੂੰ ਬੈਠਣ ਦੀ ਮੁਸ਼ਕਲ ਹੁੰਦੀ ਹੈ ਅਤੇ ਨਾਲ ਪੀਣਯੋਗ ਪਾਣੀ ਜਲਦੀ ਹੀ ਖ਼ਤਮ ਹੋ ਜਾਣ ਕਾਰਨ ਬੱਚਿਆਂ ਦੇ ਪੀਣ ਦਾ ਪਾਣੀ ਵੱਡੀ ਸਮੱਸਿਆ ਬਣ ਜਾਂਦੀ ਹੈ।

ਜਿਸ ਕਾਰਨ ਛੋਟੇ ਬੱਚੇ ਵੱਡੀ ਗਿਣਤੀ ਵਿੱਚ ਬਿਮਾਰ ਹੋ ਰਹੇ ਹਨ।ਇਸ ਸਰਕਾਰ ਦਾ ਇਸ ਪਾਸੇ ਜ਼ਰੂਰੀ ਤੌਰ ਤੇ ਧਿਆਨ ਕਰਨਾ ਬਣਦਾ ਹੈ। ਇਸ ਲਈ ਮੌਸਮ ਦੇ ਇਸ ਗਰਮ ਮਿਜ਼ਾਜ਼ ਨੂੰ ਦੇਖਦੇ ਹੋਏ ਅਤੇ ਬੱਚਿਆਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਫੌਰੀ ਤੌਪਰ ਤੇ ਸਕੂਲਾਂ ਦਾ ਸਮਾ ਸਵੇਰੇ 7 ਵਜੇ ਤੋਂ 11 ਵਜੇ ਤਕ ਕਰੇ ਤਾਂ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

# ਟ੍ਰੈਕਟਰ ਤੇ ਕਾਰ ਦੀ ਟੱਕਰ ‘ਚ ਕਾਰ ਚਾਲਕ ਗੰਭੀਰ ਜ਼ਖ਼ਮੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਬੀਤੀ ਦੇਰ ਰਾਤ ਅੱਪਰਾ ਤੋਂ ਨਗਰ ਮੁੱਖ ਮਾਰਗ ‘ਤੇ ਪਿੰਡ ਖਾਨਪੁਰ ਦੇ ਗੋਦਾਮਾਂ ਦੇ ਨਜ਼ਦੀਕ ਇੱਕ ਟ੍ਰੈਕਟਰ ਤੇ ਕਾਰ ਦੀ ਟੱਕਰ ਹੋ ਗਈ, ਜਿਸ ‘ਚ ਕਾਰ ਚਾਲਕ ਗੰਭੀਰ ਰੂਪ ‘ਚ ਜਖ਼ਮੀ ਹੋ ਗਿਆ | ਪ੍ਰਾਪਤ ਵੇਰਵਿਆਂ ਅਨੁਸਾਰ






ਬੀਤੀ ਰਾਤ ਲਗਭਗ 10-30 ਵਜੇ ਖਾਨਪੁਰ ਨਹਿਰ ਦੇ ਨਜ਼ਦੀਕ ਗੋਦਾਮਾਂ ਦੇ ਕੋਲ ਇੱਕ ਮਹਿੰਦਰਾ ਟ੍ਰੈਕਟਰ ਤੇ ਕਾਰ ਨੰਬਰ ਪੀ. ਬੀ. 32 ਜੇ-6364 ਦੀ ਅਚਾਨਕ ਟੱਕਰ ਹੋ ਗਈ, ਜਿਸ ਕਾਰਣ ਕਾਰ ਚਾਲਕ ਦੇ ਗੰਭੀਰ ਸੱਟਾਂ ਵੱਜੀਆਂ ਤੇ ਉਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ | ਹਾਦਸੇ ਦੌਰਾਨ ਕਾਰ ਪਲਟ ਕੇ ਖੇਤਾਂ ‘ਚ ਜਾ ਡਿੱਗੀ | ਘਟਨਾ ਦੀ ਸੂਚਨਾ ਮਿਲਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਘਟਨਾ ਸਥਾਨ ‘ਤੇ ਪਹੁੰਚ ਗਏ | ਸਬ ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਨੇ ਦੱਸਿਆ ਕਿ ਜਖਮੀ ਚਾਲਕ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ ਤੇ ਦੋਵਾਂ ਧਿਰਾਂ ‘ਚ ਆਪਸੀ ਰਾਜ਼ੀਨਾਮੇ ਦੀ ਗੱਲ ਚੱਲ ਰਹੀ ਹੈ |

# ਸ਼੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਛੋਕਰਾਂ ਦੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਰਿਹਾ ਸ਼ਾਨਦਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦਾ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ । ਮੁੱਖ ਅਧਿਆਪਕ ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਵਾਰ ਸਕੂਲ ਦੇ ਵਿਦਿਆਰਥੀਆਂ ਵਲੋਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ




ਗਿਆ । ਸਕੂਲ ਦੇ ਕੁੱਲ 15 ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਹਿੱਸਾ ਲਿਆ ਅਤੇ ਸਾਰੇ ਬੱਚੇ ਪਾਸ ਹਨ । ਯਾਚਨਾ ਸਪੁੱਤਰੀ ਸ਼੍ਰੀ ਪੰਕਜ ਨੇ 608/650 ,93.5% ਅੰਕ ਪ੍ਰਾਪਤ ਕਰ ਪਹਿਲਾਂ ਸਥਾਨ , ਗੁਰਲੀਨ ਸਿੰਘ ਬਾਸੀ ਸਪੁੱਤਰ ਸ਼੍ਰੀ ਸਰਬਜੀਤ ਸਿੰਘ ਬਾਸੀ 595 /650 ,91.5% ਅੰਕ ਪ੍ਰਾਪਤ ਕਰ ਦੂਜਾ ਸਥਾਨ ਅਤੇ ਸਾਗਰ ਸਪੁੱਤਰ ਸ਼੍ਰੀ ਹੈਪੀ ਨੇ 578/650, 89% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮੂਹ ਸਟਾਫ਼ ਵਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦੁਆਰ ਸ਼ਰਧਾਲੂਆਂ ਲਈ 25 ਮਈ ਨੂੰ ਖੋਲ੍ਹੇ ਜਾਣਗੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸਿੱਖ ਸ਼ਰਧਾਲੂਆਂ ਦਾ ਪਹਿਲਾ ਜਥਾ ਅੱਜ ਰਵਾਨਾ ਹੋਇਆ ਹੈ, ਜਿਸ ਨਾਲ ਇਸ ਯਾਤਰਾ ਦੀ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਖੋਲ੍ਹੇ ਜਾਣਗੇ ਅਤੇ ਉਸ ਦਿਨ ਇਸ ਸਾਲਾਨਾ ਯਾਤਰਾ ਦੀ ਆਰੰਭਤਾ ’ਤੇ ਪਹਿਲਾ ਪ੍ਰਕਾਸ਼ ਕੀਤਾ ਜਾਵੇਗਾ। ਯਾਤਰਾ ਦੀ ਸ਼ੁਰੂਆਤ ਸਬੰਧੀ ਅੱਜ ਇੱਥੇ ਗੁਰਦੁਆਰਾ ਰਿਸ਼ੀਕੇਸ਼ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਇਸ ਉਪਰੰਤ ਰਾਜਪਾਲ ਅਤੇ ਮੁੱਖ ਮੰਤਰੀ ਨੇ ਜਥੇ ਦੀ ਅਗਵਾਈ ਕਰ ਰਹੇ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਅਤੇ ਇਸ ਸਾਲਾਨਾ ਯਾਤਰਾ ਦੀ ਸ਼ੁਰੂਆਤ ਕੀਤੀ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਯਾਤਰਾ ਦੌਰਾਨ ਅਨੁਸ਼ਾਸਨ ਬਣਾਏ ਰੱਖਣ ਦੀ ਅਪੀਲ ਕੀਤੀ ਅਤੇ ਯਾਤਰਾ ਦੀ ਸਫ਼ਲਤਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਯਾਤਰਾ ਦੇ ਮਾਰਗ ਵਿੱਚ ਹਰ ਸੰਭਵ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ।

ਰਾਜਪਾਲ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਸਿੱਖ ਸੰਗਤ ਨੂੰ ਇਸ ਸਾਲਾਨਾ ਯਾਤਰਾ ਦੀ ਵਧਾਈ ਦਿੱਤੀ, ਉੱਥੇ ਸਿੱਖ ਧਰਮ ਅਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਇਤਿਹਾਸ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਯਾਤਰਾ ਸਬੰਧੀ ਸਰਕਾਰ ਅਤੇ ਟਰੱਸਟ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ



ਸ਼ਲਾਘਾ ਕੀਤੀ।

ਸਮਾਗਮ ਤੋਂ ਪਹਿਲਾਂ ਰਾਜਪਾਲ ਅਤੇ ਮੁੱਖ ਮੰਤਰੀ ਦੋਵਾਂ ਨੇ ਗੁਰੂ ਘਰ ਮੱਥਾ ਟੇਕਿਆ ਅਤੇ ਸਮਾਗਮ ਤੋਂ ਬਾਅਦ ਲੰਗਰ ਘਰ ਵਿੱਚ ਬੈਠ ਕੇ ਲੰਗਰ ਵੀ ਛਕਿਆ। ਪ੍ਰਬੰਧਕੀ ਟਰੱਸਟ ਵੱਲੋਂ ਪ੍ਰਧਾਨ ਸ੍ਰੀ ਬਿੰਦਰਾ ਨੇ ਰਾਜਪਾਲ, ਮੁੱਖ ਮੰਤਰੀ ਤੇ ਹੋਰ ਪਤਵੰਤਿਆਂ ਦਾ ਸਨਮਾਨ ਕੀਤਾ ਗਿਆ।

# ਬੇਗਮਪੁਰਾ ਟਾਈਗਰ ਫੋਰਸ ਦੇ ਅਹੁਦੇਦਾਰਾਂ ਨੇ ਥਾਣਾ ਹਰਿਆਣਾ ਦੇ ਐਸਐਚਓ ਇੰਸਪੈਕਟਰ ਸੋਮ ਨਾਥ ਨੂੰ ਕੀਤਾ ਸਨਮਾਨਿਤ !

## ਕਰਾਈਮ ਕਰਨੇ ਵਾਲੇ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ : ਇੰਸਪੈਕਟਰ ਸੋਮ ਨਾਥ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 22 ਮਈ (ਤਰਸੇਮ ਦੀਵਾਨਾ ) ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਹਲਕਾ ਹਰਿਆਣਾ ( ਭੂੰਗਾ ) ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਵੱਲੋਂ ਥਾਣਾ ਹਰਿਆਣਾ ਦੇ ਐਸਐਚਓ ਇੰਸਪੈਕਟਰ ਸੋਮ ਨਾਥ ਨੂੰ ਬਾਬਾ ਸਾਹਿਬ ਡਾ ਭੀਮ ਰਾਉ ਅੰਬੇਡਕਰ ਜੀ ਦਾ ਸਰੂਪ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਥਾਣਾ ਮੁਖੀ ਸੋਮ ਨਾਥ ਨੇ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੂੰ ਭਰੋਸਾ




ਦਿਵਾਇਆ ਕਿ ਪੁਲਿਸ ਬੜੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਦੀ ਹੈ ਅਤੇ ਕਰਦੀ ਰਹੇਗੀ ! ਉਹਨਾਂ ਕਿਹਾ ਇਲਾਕੇ ਵਿੱਚ ਗੈਰ ਕਾਨੂੰਨੀ ਧੰਦੇ ਕਰਨ ਵਾਲਿਆਂ ਨੂੰ ਬਰਦਾਸਿਤ ਨਹੀਂ ਕੀਤਾ ਜਾਵੇਗਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ ! ਉਹਨਾਂ ਕਿਹਾ ਕਿ ਨਸ਼ੇ ਦੇ ਸੁਦਾਗਰਾਂ ਨੂੰ ਵੀ ਪੂਰਨ ਤੌਰ ਤੇ ਨੱਥ ਪਾਈ ਜਾਵੇਗੀ। ਇਸ ਮੌਕੇ ਐਸਐਚਓ ਸੋਮ ਨਾਥ ਨੇ ਬੇਗਮਪੁਰਾ ਟਾਈਗਰ ਫੋਰਸ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਬਤੌਰ ਥਾਣਾ ਮੁਖੀ ਅਮਨ ਕਾਨੂੰਨ ਨੂੰ ਬਹਾਲ ਰੱਖਣ ਲਈ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਇਸ ਮੌਕੇ ਆਗੂਆਂ ਨੇ ਕਿਹਾ ਕਿ ਜਦੋਂ ਤੋਂ ਐਸਐਚਓ ਸੋਮ ਨਾਥ ਨੇ ਥਾਣਾ ਹਰਿਆਣਾ ਦਾ ਚਾਰਜ ਸੰਭਾਲਿਆ ਹੈ ਉਸ ਦਿਨ ਤੋਂ ਹੀ ਨਸ਼ਾਖੋਰੀ ਲੁੱਟਾਂ ਖੋਹਾਂ ਨੂੰ ਵੱਡੇ ਪੱਧਰ ਤੇ ਠੱਲ ਪਈ ਹੈ ਆਗੂਆਂ ਨੇ ਥਾਣਾ ਮੁਖੀ ਨਾਲ ਗੱਲਬਾਤ ਕਰਦਿਆਂ ਕਿਹਾ ਬੇਗਮਪੁਰਾ ਟਾਈਗਰ ਫੋਰਸ ਜਦੋਂ ਦੀ ਹੋਂਦ ਵਿੱਚ ਆਈ ਹੈ ਉਦੋਂ ਤੋਂ ਹੀ ਸਮਾਜ ਸੇਵਾ ਦੇ ਕੰਮ ਕਰਦੀ ਆ ਰਹੀ ਹੈ ਉਹਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਸਾਰੇ ਵਰਗਾਂ ਦੀ ਸਾਂਝੀ ਫੋਰਸ ਹੈ ਨਾ ਕਿ ਇਕ ਵਰਗ ਦੀ ਫੋਰਸ ਹੈ ਐਸਐਚਓ ਸੋਮ ਨਾਥ ਨੇ ਕਿਹਾ ਕਿ ਕੋਈ ਵੀ ਇਲਾਕੇ ਵਿੱਚ ਗੈਰ ਕਾਨੂੰਨੀ ਕੰਮ ਹੁੰਦਾ ਹੈ ਜਾਂ ਕਿਸੇ ਨਾਲ ਕੋਈ ਵਧੀਕੀ ਜਾਂ ਧੱਕਾ ਹੁੰਦਾ ਹੈ ਤਾ ਮੇਰੇ ਨਾਲ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ । ਇਸ ਮੌਕੇ ਹੋਰਨਾਂ ਤੋ ਇਲਾਵਾ ਸਤੀਸ਼ ਕੁਮਾਰ ਬਸੀ ਬਾਹਦ, ਮਨਪ੍ਰੀਤ ਕਲੇਤਾ,ਅਮਰੀਕ ਸਿੰਘ, ਸ਼ਾਲੂ,ਨਵਜੋਤ ਆਦਿ ਹਾਜ਼ਰ ਸਨ !

# ਨੰਗਲ ਡੈਮ ਦੀ ਸੁਰੱਖਿਆ ਲਈ ਕੇਂਦਰੀ ਸਨੱਅਤੀ ਸੁਰੱਖਿਆ ਬਲ ਨੂੰ ਤਾਇਨਾਤ ਕਰਨਾ ਪੰਜਾਬ ਵਿਰੋਧੀ ਤੇ ਨਿੰਦਣਯੋਗ : ਸੀਟੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,23 ਮਈ ( ਜਗਸੀਰ ਲੌਂਗੋਵਾਲ) - ਸੀਟੂ ਦੇ ਆਲ ਇੰਡੀਆ ਸਕੱਤਰ ਕਾਮਰੇਡ ਉਸ਼ਾ ਰਾਣੀ,ਸੁਬਾਈ ਪ੍ਰਧਾਨ ਮਹਾਂ ਸਿੰਘ ਰੌੜੀ,ਸੁਬਾਈ ਜਨਰਲ ਸਕੱਤਰ ਚੰਦਰ ਸ਼ੇਖਰ ਅਤੇ ਸੁਬਾਈ ਕੈਸ਼ੀਅਰ ਸੁੱਚਾ ਸਿੰਘ ਅਜਨਾਲਾ ਨੇ ਇਕ ਸਾਂਝੇ ਬਿਆਨ ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਨੰਗਲ ਡੈਮ ਉਤੇ ਕੇਂਦਰੀ ਸਨੱਅਤੀ ਸੁਰੱਖਿਆ ਬਲ ਤਾਇਨਾਤ ਕਰਨ ਦੇ ਐਲਾਨ ਨੂੰ ਪੰਜਾਬ ਦੇ ਅੱਲੇ ਜ਼ਖਮਾਂ ਉਤੇ ਲੂਣ ਛਿੜਕਣ ਵਾਲਾ ਕਾਰਾ ਕਰਾਰ ਦਿਤਾ ਹੈ ਅਤੇ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਸੀਟੂ ਆਗੂਆ ਨੇ ਇਸ ਕੇਂਦਰੀ ਫੋਰਸ ਨੂੰ ਆਉਂਦੇ ਦਿਨਾਂ ਵਿੱਚ ਮੁਲਾਜ਼ਮਾ ਦੇ ਸੰਘਰਸ਼ ਨੂੰ ਦਬਾਉਣ ਲਈ ਵੀ ਵਰਤੇ ਜਾਣ ਦਾ ਖਦਸ਼ਾ ਵੀ ਜਾਹਿਰ ਕੀਤਾ ਹੈ।

ਸੀਟੂ ਆਗੂਆ ਨੇ ਦੋਸ਼ ਲਾਇਆ ਕਿ ਕੇਂਦਰੀ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਨੂੰ ਬਾਹਰ ਕੱਢ ਕੇ ਪੰਜਾਬ ਵਿਰੋਧੀ 'ਤੇ ਮਨ ਮਾਫਿਕ ਫੈਸਲੇ ਕਰਵਾਏ ਜਾ ਰਿਹੇ ਹਨ। ਨਤੀਜੇ ਵੱਜੋਂ ਹਰਿਆਣਾ ਅਤੇ ਰਾਜਸਥਾਨ ਨੂੰ ਉਹਨਾ ਦੇ ਤੈਅ ਹੋਏ ਕੋਟੇ ਤੋਂ ਵਾਧੂ ਪਾਣੀ ਦਿੱਤਾ ਜਾ ਰਿਹਾ ਹੈ। ਹੁਣ ਤਾਂ ਪੰਜਾਬ ਦੇ ਮੁੱਖ ਮੰਤ੍ਰੀ ਭਗਵੰਤ ਸਿੰਘ ਮਾਨ ਅਤੇ ਉਸ ਦੇ ਇਕ ਮੰਤ੍ਰੀ ਦੀ ਅਗਵਾਈ ਵਿੱਚ ਲਾਏ ਧਰਨੇ ਦੇ ਨਾਟਕ ਨੂੰ ਬਹਾਨਾ ਬਣਾਕੇ ਕੇਂਦਰੀ ਸਨੱਅਤੀ ਸੁਰੱਖਿਆ ਬਲ ਦੇ 296 ਜਵਾਨਾ ਨੂੰ ਨੰਗਲ ਡੈਮ ਉੱਤੇ ਤਾਇਨਾਤ ਕਰਨ ਦੇ ਹੁਕਮ ਚਾੜ੍ਹ ਦਿੱਤੇ ਹਨ। ਇਹਨਾ ਸੁਰੱਖਿਆ ਬਲ ਦੇ ਜਵਾਨ ਦੀਆ ਤਨਖਾਹਾ ਲਈ 290100/- ਰੁਪਏ ਪ੍ਰਤੀ ਜਵਾਨ ਪ੍ਰਤੀ ਸਾਲ ਅਡਵਾਂਸ ਰਕਮ ਜਮਾਂ ਕਰਾਉਣ ਲਈ ਬੀ ਬੀ ਐਮ ਬੀ ਨੂੰ ਹੁਕਮ ਹੋ ਗਿਆ ਹੈ। ਇਸ ਸਮੁੱਚੀ ਫੌਰੀ ਅਤੇ ਉਹਨਾ ਦੇ ਪਰਿਵਾਰਾ ਲਈ ਟਰਾਂਸਪੋਰਟ, ਰਿਹਾਇਸ਼ ਅਤੇ ਬਾਕੀ ਇੰਤਜਾਮਾ ਸਮੇਤ ਸਮੁੱਚੇ ਖਰਚ ਦਾ ਮੁੱਖ ਵਿੱਤੀ ਭਾਰ ਵੀ ਪੰਜਾਬ ਨੂੰ ਹੀ ਸਹਿਣ ਕਰਨਾ ਹੋਵੇਗਾ। ਜਦੋਂਕਿ ਬੋਰਡ ਦੀ ਮੈਨੇਜਮੈਂਟ ਵਿੱਚੋਂ ਪੰਜਾਬ ਦੀ ਹਿੱਸੇਦਾਰੀ ਖਬਰ ਦਿੱਤੀ ਗਈ ਹੈ ਅਤੇ ਕੀਤੇ ਜਾ ਰਹੇ ਫੈਸਲਿਆ ਵਿੱਚ ਪੰਜਾਬ ਦੀ ਕੋਈ ਪੁੱਛ-ਪ੍ਰਤੀਤ ਹੀ ਨਹੀਂ ਰਹਿਣ ਦਿੱਤੀ। ਇਸੇ ਲਈ ਸੀਟੂ ਦੀ ਸੁਬਾਈ ਕਮੇਟੀ ਨੇ ਕੇਂਦਰ ਸਰਕਾਰ ਦੇ ਇਹਨਾ ਪੰਜਾਬ ਵਿਰੋਧੀ ਤਾਨਾਸ਼ਾਹੀ ਫੈਸਲਿਆ ਦੀ ਸ਼ਖਤ ਨਿੰਦਿਆ ਕੀਤੀ ਹੈ ਅਤੇ ਇਹਨਾ ਨੂੰ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਹੈ।

ਸੀਟੂ ਨੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਪੰਜਾਬ ਸਰਕਾਰ ਨੇ ਪਾਣੀ ਸਬੰਧੀ ਮਤਾ ਪਾਸ ਕਰਵਾਉਣ ਲਈ ਤਾਂ ਸਾਰੀਆਂ ਰਾਜਸੀ ਪਾਰਟੀਆ ਨੂੰ ਨਾਲ ਲਿਆ ਸੀ ਜਦਕਿ ਨੰਗਲ ਵਿੱਖੇ ਧਰਨੇ ਦਾ ਨਾਟਕ ਕਰਨ ਦੀ ਬਜਾਏ ਸਾਰਿਆ ਨੂੰ ਨਾਲ ਲੈਅ ਕੇ ਕੇਂਦਰ ਸਰਕਾਰ ਸਾਹਮਣੇ ਜੋਰਦਾਰ ਢੰਗ ਨਾਲ ਪੰਜਾਬ ਦਾ ਨਿਆਈ ਕੇਸ ਰੱਖਣਾ ਚਾਹੀਦਾ ਸੀ।ਲੱਗਦਾ ਇਹ ਹੈ ਕਿ ਸ਼੍ਰੀ ਭਗਵੰਤ ਸਿੰਘ ਮਾਨ ਨੂੰ ਪੰਜਾਬ ਦੇ ਹਿਤਾ ਦੀ ਰਾਖੀ ਦੀ ਬਜਾਏ ਪ੍ਰਚਾਰ ਦੀ ਮੁਹਿੰਮ ਚਲਾਉਣ ਵਿੱਚ ਜਿਆਦਾ ਦਿਲਚਸਪੀ ਹੈ। ਜਦੋਂ ਬੀ ਬੀ ਐਮ ਬੀ ਦੇ ਬਰਡ ਨੇ ਆਉਣ ਵਾਲੇ ਸਮੇਂ ਲਈ ਹਰਿਆਣਾ ਤੇ ਰਾਜਸਥਾਨ ਨੂੰ ਹੋਰ ਵੀ ਵਾਧੂ ਪਾਣੀ ਦੇਣ ਦਾ ਫੈਸਲਾ ਕਰ ਲਿਆ ਹੈ ਉਦੋਂ ਉਹ ਆਪਣਾ ਧਰਨਾ ਚੁੱਕਣ ਨੂੰ " ਫਤਿਹ" ਦਸ ਕੇ ਵਾਪਿਸ ਤੁਰ ਪਏ। ਇਸੇ ਤਰਾਂ ਬੀ ਬੀ ਐਮ ਬੀ ਵਿੱਚ ਪੰਜਾਬ ਦੇ ਹਿੱਸੇ ਦੀਆਂ 3000 ਪੋਸਟਾ ਖਾਲੀ ਪਈ ਹਨ ਤਾਂ ਪੰਜਾਬ ਸਰਕਾਰ ਦੀ ਇਸ ਮਾਮਲੇ ਵਿੱਚ ਚੁੱਪ ਇਸ ਦੀ ਬੇਬਸੀ ਉਤੇ ਕਾਵਾਂ-ਰੌਲੀ ਦਾ ਗੁਬਾਰ ਅਸਲੀਅਤ ਤੋਂ ਲੋਕਾ ਦਾ ਧਿਆਨ ਲਾਂਭੇ ਕਰਨ ਦੀ ਚਾਲ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ।

# ਬਸਪਾ ਨੇ ਸੰਗਰੂਰ ਵਿਖੇ ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਡਰਾਮੇ ਖਿਲਾਫ ਕੀਤਾ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,22 ਮਈ (ਜਗਸੀਰ ਲੌਂਗੋਵਾਲ) - ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸੰਭਾਲੋ ਮੁਹਿੰਮ ਤਹਿਤ ਪੰਜਾਬ ਦੇ ਸਾਰੇ ਜਿਲਿਆਂ ਵਿੱਚ ਪਿਛਲੇ ਦਿਨੀ ਮਜੀਠਾ ਹਲਕੇ ਦੇ ਪਿੰਡਾਂ ਵਿੱਚ ਜਹਿਰੀਲੀ ਸ਼ਰਾਬ ਪੀਣ ਕਾਰਨ ਜੋ 28 ਵਿਅਕਤੀਆਂ ਦੀ ਮੌਤ ਹੋ ਗਈ ਹੈ, ਨੂੰ ਗੰਭੀਰਤਾ ਨਾਲ ਲੈਂਦੇ ਹੋਏ ਬਹੁਜਨ ਸਮਾਜ ਪਾਰਟੀ ਜਿਲਾ ਸੰਗਰੂਰ ਵੱਲੋਂ ਅੰਬੇਡਕਰ ਨਗਰ ਤੋਂ ਕਾਫਲਾ ਸ਼ੁਰੂ ਹੋਇਆ, ਸ਼ਹਿਰ ਦੇ ਵੱਖ ਵੱਖ ਬਜਾਰਾਂ ਵਿੱਚ ਰੋਸ ਪ੍ਰਦਰਸ਼ਨ ਕਰਦੇ ਹੋਏ ਡੀ ਸੀ ਦਫਤਰ ਸੰਗਰੂਰ ਦੇ ਅੱਗੇ ਸ. ਚਮਕੌਰ ਸਿੰਘ ਵੀਰ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਸ. ਸਤਿਗੁਰ ਕੌਹਰੀਆਂ ਜ਼ਿਲ੍ਹਾ ਪ੍ਰਧਾਨ ਸੰਗਰੂਰ ਦੀ ਅਗਵਾਈ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਬਸਪਾ ਵਰਕਰ ਇਕੱਠ ਹੋਏ । ਇਸ ਸਮੇਂ ਚਮਕੌਰ ਸਿੰਘ ਵੀਰ ਅਤੇ ਡਾਕਟਰ ਮੱਖਣ ਸਿੰਘ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਗਈ ਹੈ, ਇਹ ਇੱਕ ਮਹਿਜ ਡਰਾਮਾ ਹੈ ਅਤੇ ਸਰਕਾਰ ਦੇ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਸਰਕਾਰ ਦੇ ਕੰਨਾਂ ਤੇ ਜੂੰ ਸਰਕੀ ਹੈ ਜਦ ਕਿ ਆਮ ਆਦਮੀ ਪਾਰਟੀ ਦੀ ਗਰੰਟੀ ਸੀ ਕਿ ਨਸ਼ਿਆਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਖਤਮ ਕਰ ਦਿੱਤਾ ਜਾਵੇਗਾ, ਨਸ਼ੇ ਖਤਮ ਤਾਂ ਨਹੀਂ ਹੋਏ ਪਰ ਨਸ਼ਿਆਂ ਨਾਲ ਤਕਰੀਬਨ ਪੰਜਾਬ ਦੇ ਵਿੱਚ ਹਰ ਰੋਜ਼ ਇੱਕ ਵਿਅਕਤੀ ਦੀ ਵਿਅਕਤੀ ਘੱਟੋ ਘੱਟ ਮੌਤ ਹੋ ਰਹੀ ਹੈ, ਨਸ਼ਿਆਂ ਦੇ ਨਾਂ ਉੱਪਰ ਗਰੀਬ ਲੋਕਾਂ ਦੇ ਘਰਾਂ ਤੇ ਬਲਡੋਜ਼ਰ ਚਲਾਇਆ ਜਾ ਰਿਹਾ ਹੈ ਪਰੰਤੂ ਜੋ ਅਸਲ ਵੱਡੇ ਨਸ਼ੇ ਦੇ ਤਸਕਰ ਹਨ ਉਹਨਾਂ ਨੂੰ ਨਹੀਂ ਛੇੜਿਆ ਜਾ ਰਿਹਾ, ਬਹੁਜਨ ਸਮਾਜ ਪਾਰਟੀ ਮਾਨਯੋਗ ਰਾਜਪਾਲ ਪੰਜਾਬ ਤੋਂ ਮੰਗ ਕਰਦੀ ਹੈ ਕਿ ਜੋ ਮਜੀਠਾ ਇਲਾਕੇ ਦੇ ਵਿੱਚ 28 ਮੌਤਾਂ ਜਹਰੀਲੀ ਸ਼ਰਾਬ ਪੀਣ ਨਾਲ ਹੋਈਆਂ ਹਨ ਉਹਨਾਂ ਦੇ ਮੁੱਖ ਦੋਸ਼ੀਆਂ ਨੂੰ ਤੁਰੰਤ ਗਿਰਫਤਾਰ ਕੀਤਾ ਜਾਵੇ, ਅਤੇ ਉਹਨਾਂ ਨੂੰ ਮਿਸਾਲੀ ਸਜਾਵਾਂ ਦਿੱਤੀਆਂ ਜਾਣ, ਜਹਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੀ ਅਤੇ ਇਸ ਸਾਰੇ ਮਸਲੇ ਦੀ ਮਾਨਯੋਗ ਮੌਜੂਦਾ ਹਾਈ ਕੋਰਟ ਦੇ ਜੱਜਾਂ ਤੋਂ ਜੁਡੀਸ਼ਅਲ ਜਾਂਚ ਕਰਵਾਈ ਜਾਵੇ, ਮਿਰਤਕਾਂ ਦੇ ਪਰਿਵਾਰਾਂ ਨੂੰ ਘੱਟੋ ਘੱਟ ਪ੍ਰਤੀ ਪਰਿਵਾਰ ਇਕ ਕਰੋੜ ਮਾਲੀ ਮਦਦ ਦਿੱਤੀ ਜਾਵੇ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।ਇਸ ਸਮੇਂ ਸ੍ਰ ਚਮਕੌਰ ਸਿੰਘ ਵੀਰ ਨੇ ਬੋਲਦੇ ਹੋਏ ਕਿਹਾ ਕਿ ਇਹ ਡਰੱਗ ਮਾਫੀਆ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਵੇਲੇ ਸ਼ੁਰੂ ਹੋਇਆ ਸੀ, ਕਾਂਗਰਸ ਦੇ ਰਾਜ ਵਿੱਚ ਨਸ਼ਾ ਹੋਰ ਵਧਿਆ ਜਿਨਾਂ ਗੁਟਕਾ ਸਾਹਿਬ ਦੀ ਸੌਂਹ ਖਾ ਕੇ ਇੱਕ ਮਹੀਨੇ ਵਿੱਚ ਨਸ਼ਾ ਖਤਮ ਕਰਨ ਦੀ ਗੱਲ ਕਹੀ ਸੀ ਅਤੇ ਸਭ ਤੋਂ ਵੱਧ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਨਸ਼ਾ ਆਮ ਵਿਕ ਰਿਹਾ ਹੈ ਇਸ ਪ੍ਰਤੀ ਆਮ ਆਦਮੀ ਪਾਰਟੀ ਦੀ ਸਰਕਾਰ ਉਦੋਂ ਜਾਗੀ ਜਦੋਂ 15 ਮਾਰਚ 2025 ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਹਾੜੇ ਤੇ ਫਗਵਾੜਾ ਵਿਖੇ ਪੰਜਾਬ ਸਭਾਲੋ ਰੈਲੀ ਵਿੱਚ ਨਸ਼ਿਆਂ ਨੂੰ ਰੋਕਣ ਲਈ ਬਸਪਾ ਨੇ ਹੱਲਾ ਬੋਲਿਆ । ਸ੍ਰ ਸਤਿਗੁਰ ਸਿੰਘ ਕੌਹਰੀਆਂ ਅਤੇ ਸੂਬੇਦਾਰ ਰਣਧੀਰ ਸਿੰਘ ਨਾਗਰਾ ਨੇ ਕਿਹਾ ਕਿ ਨਸ਼ਾ ਤਸਕਰਾਂ ਤੇ ਪੰਜਾਬ ਪੁਲਿਸ ਦੇ ਵੱਡੇ ਅਫਸਰਾ ਦਾ ਇਹ ਗੱਠਜੋੜ ਬਹੁਜਨ ਸਮਾਜ ਪਾਰਟੀ ਤੋਂ ਬਿਨਾਂ ਕੋਈ ਸਰਕਾਰ ਤੋੜ ਨਹੀਂ ਸਕਦੀ। ਇਸ ਸਮੇਂ ਡਾਕਟਰ ਮੱਖਣ ਸਿੰਘ ਨੇ ਬੋਲਦਿਆ ਕਿਹਾ ਕਿ ਡਰੱਗ ਮਾਫੀਏ ਤੇ ਸਖਤ ਕਾਰਵਾਈ ਅਧੀਨ ਸਖਤ ਸਜ਼ਾਵਾਂ ਤਹਿਤ ਹੀ ਨਸ਼ਿਆਂ ਨੂੰ ਰੋਕਿਆ ਜਾ ਸਕਦਾ ਹੈ। ਨਿਰਮਲ ਸਿੰਘ ਮੱਟੂ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਵਿੱਤ ਮੰਤਰੀ ਦੇ ਹਲਕੇ ਦੇ ਵਿੱਚ ਗੁਜਰਾਂ, ਢੰਡੋਲੀ ਖੁਰਦ ਜਖੇਪਲ ਸੁਨਾਮ ਟਿਬੀ ਆਦਿ ਪਿੰਡਾਂ ਵਿੱਚ ਲਗਭਗ 21 ਮੌਤਾਂ ਹੋ ਗਈਆਂ ਸਨ, ਉਸ ਵੇਲੇ ਵੀ ਸਰਕਾਰ ਨੇ ਸਿਰਫ ਖਾਨਾ ਪੂਰਤੀ ਹੀ ਕੀਤੀ ਸੀ। ਮਜੀਠਾ ਅਤੇ ਲਾਗਲੇ ਪਿੰਡਾਂ ਅੰਦਰ ਨਕਲੀ ਅਤੇ ਜਹਰੀਲੀ ਸ਼ਰਾਬ ਪੀਣ ਨਾਲ ਅਤੇ ਹੋਰ ਘਾਤਕ ਨਸ਼ਿਆਂ ਦੀਆਂ ਨਾਲ ਹੋ ਰਹੀਆਂ ਮੌਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਕਾਮੀ ਹੈ ਬਸਪਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਮਾਨਯੋਗ ਪੰਜਾਬ ਦੇ ਰਾਜਪਾਲ ਇਸ ਸਬੰਧੀ ਗੰਭੀਰ ਨੋਟਿਸ ਲੈਣ ਮੌਕੇ ਤੇ ਮੈਮੋਰੰਡਮ ਸਰਦਾਰ ਲਵਪ੍ਰੀਤ ਸਿੰਘ ਜੀ.ਏ .ਸੰਗਰੂਰ ਨੂੰ ਮਾਨਯੋਗ ਗਵਰਨਰ ਪੰਜਾਬ ਦੇ ਨਾਂ ਤੇ ਮੈਮੋਰੰਡਮ ਦਿੱਤਾ ਗਿਆ ਉਹਨਾਂ ਵਿਸ਼ਵਾਸ ਦਿਵਾਇਆ ਕਿ ਇਹ ਮੈਮੋਰੰਡਮ ਹਰ ਹਾਲਤ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਰਾਹੀਂ ਮਾਨਯੋਗ ਗਵਰਨਰ ਪੰਜਾਬ ਨੂੰ ਭੇਜ ਦਿੱਤਾ ਜਾਵੇਗਾ। ਇਸ ਸਮੇਂ ਅਮਰੀਕ ਸਿੰਘ

ਕੈਂਥ ,ਚਰਨਜੀਤ ਸਿੰਘ ਧੂਰੀ, ਭੋਲਾ ਸਿੰਘ ਧਰਮਗੜ੍ਹ, ਮਿੱਠੂ ਸਿੰਘ ਖੇਤਲਾ, ਗੁਰਮੇਲ ਸਿੰਘ ਰੰਗੀਲਾ, ਗੁਰਦੇਵ ਸਿੰਘ ਘਾਬਦਾਂ ਡਾ ਰਾਜ ਕੁਮਾਰ, ਸ੍ਰੀ ਅਮਨ ਬੋਧ ਹਲਕਾ ਲਹਿਰਾ,ਕਸ਼ਮੀਰਾ ਸਿੰਘ ਲੌਂਗੋਵਾਲ, ਰਾਮ ਸਿੰਘ, ਸਰਜੀਤ ਸਿੰਘ ਸਾਬਕਾ ਈ ਓ, ਜਗਸੀਰ ਸਿੰਘ ਲਹਿਰਾ, ਮਿੱਠਾ ਸਿੰਘ ਬਾਲੀਆ, ਬਲਵੀਰ ਸਿੰਘ ਬਾਲੀਆਂ, ਨਛੱਤਰ ਸਿੰਘ, ਹਰਮੇਲ ਸਿੰਘ ਬਲਦ ਕਲਾਂ,ਰਜਿੰਦਰ ਸਿੰਘ ਲਹਿਰਾ, , ਗੰਗੂ ਰੰਗਾ, ਪ੍ਰਿੰਸੀਪਲ ਗੁਰਬਖਸ਼ ਸਿੰਘ, ਗੁਰਦੇਵ ਸਿੰਘ , ਜਗਸੀਰ ਸਿੰਘ ਮਾਝੀ, ਤਰਸੇਮ ਸਿੰਘ ਨੰਬਰਦਾਰ, ਰਾਮਪਾਲ ਸਿੰਘ ਮਹਿਲਾ, ਨਾਹਰ ਸਿੰਘ ਬਹਾਦਰਪੁਰ, ਹਰਵਿੰਦਰ ਸਿੰਘ ਖੇਤਲਾ, ਬਲਵਿੰਦਰ ਸਿੰਘ ਬਾਲੀਆ, ਚਮਕੌਰ ਸਿੰਘ, ਸਤਵਿੰਦਰ ਸਿੰਘ, ਗੁਰਵਿੰਦਰ ਸਿੰਘ ਭੱਟੀਵਾਲ, ਗੁਰਸ਼ਰਨ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ ਪੰਮਾ ਬਲਿਆਲ, ਦਰਸ਼ਨ ਸਿੰਘ ਦੁੱਗਾਂ ਤੇ ਭਾਰੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਪੰਜਾਬ ਨੂੰ ਸਿੱਖਿਆ ਦੇ ਖੇਤਰ ਚ ਮੋਹਰੀ ਬਣਾਉਣ ਦੀ ਸ਼ੁਰੂਆਤ ਹੈ ਸਿੱਖਿਆ ਕ੍ਰਾਂਤੀ ,,,ਡਾ. ਵਿਜੈ ਸਿੰਗਲਾ

## *ਵਿਧਾਇਕ ਨੇ ਸਿੱਖਿਆ ਕ੍ਰਾਂਤੀ ਤਹਿਤ 73 ਲੱਖ ਰੁਪਏ ਤੋਂ ਵਧੇਰੇ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਮਾਨਸਾ, 22 ਮਈ : (ਆਤਮਾ ਸਿੰਘ ਪਮਾਰ)

ਪੰਜਾਬ ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਦਾ ਆਗਾਜ਼ ਹੈ ਸਿੱਖਿਆ ਕ੍ਰਾਂਤੀ ਅਤੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਨੇ ਸਕੂਲਾਂ ਦੇ ਬੁਨਿਆਦੀ ਢਾਂਚੇ ਅਤੇ ਪੜ੍ਹਾਈ ਦੇ ਮਿਆਰ ਨੂੰ ਸਿਖ਼ਰਾਂ ਤੇ ਪਹੁੰਚਾਇਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਅੱਜ ਮਾਨਸਾ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ 73 ਲੱਖ ਤੋਂ ਵਧੇਰੇ ਦੀ ਲਾਗਤ ਨਾਲ ਮੁਕੰਮਲ ਹੋਏ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਕੀਤੇ ਜਾ ਰਹੇ ਕੰਮਾਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਜਿਸ ਸਦਕਾ ਜਿੱਥੇ ਸਰਕਾਰੀ ਸਕੂਲਾਂ ਦੇ ਬੱਚੇ ਮੈਰਿਟ ਵਿੱਚ ਆਪਣਾ ਨਾਮ ਦਰਜ ਕਰਵਾ ਰਹੇ ਹਨ, ਉਥੇ ਹੀ ਪ੍ਰਾਈਵੇਟ ਸਕੂਲਾਂ ਤੋਂ ਵਧੀਆ ਪੜ੍ਹਾਈ ਹੋਣ ਕਾਰਨ ਮਾਪਿਆਂ ਦਾ ਵਿਸਵਾਸ਼ ਸਰਕਾਰੀ ਸਕੂਲਾਂ ਵਿੱਚ ਹੋਰ ਵੀ ਜ਼ਿਆਦਾ ਵਧਿਆ ਹੈ।

ਅੱਜ ਦੇ ਉਦਘਾਟਨਾਂ ਦੌਰਾਨ ਵਿਧਾਇਕ ਡਾ. ਵਿਜੈ ਸਿੰਗਲਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਭੀਖੀ (ਕੁੜੀਆਂ) ਵਿਖੇ 14 ਲੱਖ 24 ਹਜ਼ਾਰ 800, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੀਖੀ (ਕੁੜੀਆਂ) ਵਿਖੇ ਕਰੀਬ 50 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਖੁਰਦ ਵਿਖੇ 5 ਲੱਖ 67 ਹਜ਼ਾਰ ਅਤੇ ਸਰਕਾਰੀ ਮਿਡਲ ਸਕੂਲ ਅਤਲਾ ਖੁਰਦ ਵਿਖੇ 3 ਲੱਖ 40 ਹਜ਼ਾਰ ਦੀ ਲਾਗਤ ਨਾਲ ਮੁਕੰਮਲ ਹੋਏ ਕਾਰਜਾਂ ਦੇ ਉਦਘਾਟਨ ਕੀਤੇ।

ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਭੀਖੀ ਵਰਿੰਦਰ ਸੋਨੀ, ਸਿੱਖਿਆ ਕੋਆਰਡੀਨੇਟਰ ਹਲਕਾ ਮਾਨਸਾ ਅਜੈਬ ਸਿੰਘ ਬੁਰਜਹਰੀ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ, ਪ੍ਰਧਾਨ ਨਗਰ ਪੰਚਾਇਤ ਭੀਖੀ ਸੁਖਦੇਵ ਸਿੰਘ, ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ ਰਜਿੰਦਰ ਜਾਫ਼ਰੀ, ਰਾਜ ਕੁਮਾਰ ਸਿੰਗਲਾ, ਮਨੀਸ਼ ਕੁਮਾਰ, ਵਿਜੈ ਕੁਮਾਰ, ਬਲਵੰਤ ਭੀਖੀ, ਦਰਸ਼ਨ ਸਿੰਘ, ਰਘਵਿੰਦਰ ਸਿੰਘ, ਬਲਦੇਵ ਸਿੰਘ, ਰਵੀ ਕੁਮਾਰ ਤੋਂ ਇਲਾਵਾ ਹੋਰ ਵੀ ਸਖ਼ਸ਼ੀਤਆਂ ਵੀ ਮੌਜੂਦ ਸਨ।

# ਭਗਤ ਪੂਰਨ ਸਿੰਘ ਜੀ ਦੇ ਜਨਮ ਦਿਹਾੜੇ ਤੇ ਵਿਸ਼ੇਸ਼ ਸਮਾਰੋਹ 4 ਜੂਨ ਨੂੰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,22 ਮਈ (ਜਗਸੀਰ ਲੌਂਗੋਵਾਲ)- ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਵੱਲੋਂ ਵੀਹਵੀਂ ਸਦੀ ਦੇ ਮਹਾਨ ਦਰਵੇਸ਼ ਅਤੇ ਬੇਸਹਾਰਿਆਂ ਦੇ ਮਸੀਹਾ ਭਗਤ ਪੂਰਨ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਪਿੰਗਲਵਾੜਾ ਪਰਿਵਾਰ ਦੇ ਮੁਖੀ ਡਾ ਇੰਦਰਜੀਤ ਕੌਰ ਦੀ ਅਗਵਾਈ ਵਿੱਚ 4 ਜੂਨ ਨੂੰ ਪਿੰਗਲਵਾੜਾ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਸਥਾਨਿਕ ਪਿੰਗਲਵਾੜਾ ਸ਼ਾਖਾ ਵਿਖੇ ਸਮਾਗਮ ਦਾ ਪੱਤਰ ਤਰਲੋਚਨ ਸਿੰਘ ਚੀਮਾ ਮੁੱਖ ਪ੍ਰਬੰਧਕ, ਹਰਜੀਤ ਸਿੰਘ ਅਰੋੜਾ ਵਧੀਕ ਪ੍ਰਬੰਧਕ ਦੇ ਨਾਲ ਮਾਸਟਰ ਸਤਪਾਲ ਸ਼ਰਮਾ, ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈਸ ਮੀਡੀਆ ਇੰਚਾਰਜ, ਸਰਪੰਚ ਮੇਜਰ ਸਿੰਘ ਮਸਾਣੀ, ਈਸ਼ਰ ਸਿੰਘ ਮਸਾਣੀ, ਬਲਵੰਤ ਸਿੰਘ ਭਿੱਖੀ ਨੇ ਜਾਰੀ ਕੀਤਾ । ਹਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ *ਭਗਤ ਪੂਰਨ ਸਿੰਘ ਜੀ ਵੱਲੋਂ ਵਾਤਾਵਰਨ ਦੀ ਸੰਭਾਲ ਅਤੇ ਹੋਰ ਕੀਤੇ ਕਾਰਜਾਂ ਨੂੰ ਸਮਰਪਿਤ ਪਾਣੀ ਬਚਾਓ - ਮਨੁੱਖਤਾ ਬਚਾਓ ਦਾ ਹੋਕਾ ਦਿੰਦੇ ਹੋਏ ਵਿਸ਼ਾਲ ਰੈਲੀ 28 ਮਈ ਬੁੱਧਵਾਰ ਨੂੰ ਕੱਢੀ ਜਾ ਰਹੀ ਹੈ ਜਿਸ ਵਿੱਚ ਪਿੰਗਲਵਾੜਾ ਪਰਿਵਾਰ, ਅੰਮ੍ਰਿਤਸਰ ਦੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਸਕੂਲਾਂ ਦੇ ਬੱਚੇ ਸ਼ਾਮਲ ਹੋਣਗੇ। ਇਹ ਰੈਲੀ ਸਵੇਰੇ 10 ਵਜੇ ਸਿਟੀ ਸੈਂਟਰ ਨੇੜੇ ਬੱਸ ਸਟੈਂਡ ਤੋਂ ਚੱਲ ਕੇ ਵੱਖ ਵੱਖ ਬਜ਼ਾਰਾਂ ਵਿੱਚੋਂ ਹੁੰਦੀ ਹੋਈ ਭਾਈ ਗੁਰਦਾਸ ਹਾਲ ਵਿਖੇ ਸਮਾਗਮ ਹੋਵੇਂਗੀ। ਜਿਥੇ ਪ੍ਰਸਿੱਧ ਵਿਦਵਾਨ ਅਨਮੋਲ ਵਿਚਾਰ ਸਾਂਝੇ ਕਰਨਗੇ। ਭਗਤ ਜੀ ਦੇ ਜਨਮ ਦਿਹਾੜੇ ਤੇ 4 ਜੂਨ ਨੂੰ ਪਿੰਗਲਵਾੜਾ ਮੁੱਖ ਦਫਤਰ ਵਿਖੇ ਸਵੇਰੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਹੋਵੇਗਾ। ਪ੍ਰਮੁੱਖ ਸਖਸ਼ੀਅਤਾਂ ਭਗਤ ਪੂਰਨ ਸਿੰਘ ਜੀ ਦੇ ਜੀਵਨ ਸੰਦੇਸ਼ਾਂ ਤੇ ਵਿਚਾਰ ਕਰਨਗੇ ਅਤੇ ਪੁਸਤਕਾਂ ਦੀ ਘੁੰਡ ਚੁਕਾਈ ਵੀ ਹੋਵੇਗੀ। ਡਾਕਟਰ ਇੰਦਰਜੀਤ ਕੌਰ ਨੇ ਉਪਰੋਕਤ ਅਨੁਸਾਰ ਸੰਗਰੂਰ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।

# ਨਸ਼ਾ ਕਰਨ ਵਾਲਿਆਂ ਦੇ ਨਾਲ ਉਹ ਵੱਡੇ ਤਸਕਰ ਵੀ ਫੜ੍ਹੇ ਜਾਣ ਜਿਹੜੇ ਆਪ ਨਸ਼ਾ ਵੇਚ ਦੇ ਹਨ- ਡਾ ਨੱਛਤਰ ਪਾਲ ਐਮ ਐਲ ਏ

## ਜ਼ਿਲ੍ਹਾ ਸ ਭ ਸ ਨਗਰ ਬਸਪਾ ਦੀ ਪੂਰੀ ਟੀਮ ਅਤੇ ਵਰਕਰ ਸਾਥੀ ਰੋਸ਼ ਪ੍ਰਦਰਸਨ ਕਰ ਰਹੇ ਸਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ)ਬਹੁਜਨ ਸਮਾਜ ਪਾਰਟੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਮਜੀਠੇ ਦੇ ਅੰਦਰ ਨਕਲੀ ਸ਼ਰਾਬ ਪੀਣ ਨਾਲ ਹੋਣ ਵਾਲੀਆਂ ਮੌਤਾਂ ਦੇ ਖਿਲਾਫ ਅੱਜ ਜਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਗਿਆ ।ਡਾ ਨਛੱਤਰ ਪਾਲ ਐਮ ਐਲ ਏ ਹਲਕਾ ਨਵਾਂਸ਼ਹਿਰ ਨੇ ਸਰਕਾਰ ਦੀ ਪੌਲਸੀ ਯੁੱਧ ਨਸ਼ਿਆਂ ਵਿਰੁੱਧ ਇੱਕ ਡਰਾਮੇ ਤੋਂ ਛੁੱਟ ਹੋਰ ਕੁਝ ਵੀ ਨਹੀਂ ਹੈ ਉਨ੍ਹਾਂ ਨੇ ਮਜੀਠਾ ਵਿੱਚ ਅਤੇ ਲੁਧਿਆਣਾ ਵਿਖੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦਾ ਜ਼ਿਕਰ ਵੀ ਕੀਤਾ । ਉਨ੍ਹਾਂ ਨਸ਼ਾ ਕਰ ਰਹੇ ਉਨ੍ਹਾਂ ਦੇ ਨਾਲ ਨਾਲ ਵੱਡੇ ਵੱਡੇ ਨਸ਼ਾ ਵੇਚਣ ਵਾਲਿਆਂ ਨੂੰ ਵੀ ਫੜ੍ਹਨਾ ਚਾਹੀਦਾ ਹੈ।ਇਸ ਮੌਕੇ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ,ਸ ਹਰਗੋਪਾਲ ਸਿੰਘ ਸਾਬਕਾ ਐਮ ਐਲ ਏ, ਜਨਰਲ ਸਕੱਤਰ ਹਰਬਲਾਸ ਬਸਰਾ, ਜ਼ਿਲ੍ਹਾ ਪ੍ਰਧਾਨ ਸਰਬਜੀਤ ਜਾਫਰਪੁਰ, ਮਨੋਹਰ ਕਮਾਮ ਜ਼ਿਲ੍ਹਾ ਇੰਚਾਰਜ,ਡਾ ਚਰਨਜੀਤ ਪ੍ਰਧਾਨ ਬਲਾਚੌਰ, ਗੁਰਮੁਖ ਨੌਰਥ ਉਪ ਪ੍ਰਧਾਨ ਨਵਾਂਸ਼ਹਿਰ ਐਮ ਸੀ,ਜ਼ਿਲ੍ਹਾ ਸਕੱਤਰ ਵਿਜੇ ਗੁਣਾਚੌਰ, ਦਿਲਬਾਗ ਸਿੰਘ ਸਾਬਕਾ ਐਮ ਸੀ, ਅਸ਼ੋਕ ਕੁਮਾਰ ਉਪ ਪ੍ਰਧਾਨ ਬਸਪਾ ਬੰਗਾ,ਬਖਸ਼ੀ ਰਾਮ ਆਗੂ ਬਾਮਸੇਫ,ਜੈ ਪਾਲ ਸੁੰਡਾਂ ਸਾਬਕਾ ਪ੍ਰਧਾਨ ਬੰਗਾ, ਮਲਕੀਤ ਮੰਢਾਲੀ , ਚਰਨਜੀਤ ਮੰਢਾਲੀ, ਪਰਮਜੀਤ ਮਹਿਰਮਪੁਰੀ, ਸਤਪਾਲ ਰਟੈਂਡਾ, ਸੋਹਣ ਲਾਲ ਰਟੈਂਡਾ,ਸੋਮ ਨਾਥ ਰਟੈਂਡਾ,ਜਗਤਾਰ ਸਿੰਘ ਭਰੋ ਮਜਾਰਾ, ਸੁਰਿੰਦਰ ਮੋਹਨ ਭਰੋ ਮਜਾਰਾ, ਮਿਸ਼ਨਰੀ ਗਾਇਕ ਐਸ ਐਸ ਆਜ਼ਾਦ,ਰਾਜ ਦਦਰਾਲ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ, ਤੀਰਥ ਕਲਸੀ ਬਹਿਰਾਮ, ਪਰਮਜੀਤ ਕੌਰ ਸਾਬਕਾ ਸਰਪੰਚ, ਜਸਵਿੰਦਰ ਕੌਰ ਸਾਬਕਾ ਸਰਪੰਚ ਅਤੇ ਜਿਸ ਵਿੱਚ ਜਿਲੇ ਦੇ ਆਗੂਆਂ ਵਰਕਰਾ ਨੇ ਵੱਧ ਚੜ ਕੇ ਹਿੱਸਾ ਲਿਆ ਅਤੇ ਪੰਜਾਬ ਸਰਕਾਰ ਖਿਲਾਫ ਨਾਰੇਬਾਜੀ ਕੀਤੀ

# ਨਕਲੀ ਸ਼ਰਾਬ ਨਾਲ 27 ਮੌਤਾਂ: ਡਾ. ਭੀਮ ਰਾਓ ਅੰਬੇਡਕਰ ਵੈਲਫੇਅਰ ਸੋਸਾਇਟੀ ਵੱਲੋਂ ਰਾਜਪਾਲ ਨੂੰ ਮੈਮੋਰੰਡਮ

## ਸਰਕਾਰ ਦੀ ਨਸ਼ਾ ਰੋਕਥਾਮ ਵਿੱਚ ਨਾਕਾਮੀ ਦਾਅਵਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਜਲਾਲਾਬਾਦ, 22 ਮਈ (ਮਨੋਜ ਕੁਮਾਰ, ਸੁਭਾਸ਼ ਸਿੰਘ) ਮਜੀਠਾ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਨਕਲੀ ਤੇ ਜਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ 27 ਮੌਤਾਂ ਤੋਂ ਬਾਅਦ ਡਾ. ਭੀਮ ਰਾਓ ਅੰਬੇਡਕਰ ਐਸਸੀ/ਐਸਟੀ/ਓਬੀਸੀ ਵੈਲਫੇਅਰ ਸੋਸਾਇਟੀ (ਰਜਿ.) ਨੇ ਪੰਜਾਬ ਦੇ ਰਾਜਪਾਲ ਨੂੰ ਡਿਪਟੀ ਕਮਿਸ਼ਨਰ ਜ਼ਿਲ੍ਹਾ ਫਾਜ਼ਿਲਕਾ ਰਾਹੀਂ ਮੈਮੋਰੰਡਮ ਭੇਜ ਕੇ ਨਸ਼ਿਆਂ ਖ਼ਿਲਾਫ਼ ਸਰਕਾਰ ਦੀ ਨੀਤੀ ਤੇ ਸਿੱਧਾ ਸਵਾਲ ਉਠਾਇਆ ਹੈ।

ਸੋਸਾਇਟੀ ਦੇ ਪੰਜਾਬ ਪ੍ਰਧਾਨ ਰੋਹਿਤ ਗੋਡਾਲੀਆ ਵੱਲੋਂ ਦਿੱਤੇ ਮੈਮੋਰੰਡਮ ਵਿੱਚ ਲਿਖਿਆ ਗਿਆ ਕਿ ਮੌਜੂਦਾ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਦੀ ਗਰੰਟੀ ਚੋਣਾਂ ਸਮੇਂ ਦਿੱਤੀ ਸੀ, ਪਰ ਤਿੰਨ ਸਾਲਾਂ ਬਾਅਦ ਵੀ ਨਤੀਜੇ ਉਲਟ ਨੇ। 12-13 ਮਈ ਨੂੰ ਮਜੀਠਾ ਵਿੱਚ ਜਿੱਥੇ 17 ਮੌਤਾਂ ਦੀ ਪੁਸ਼ਟੀ ਤੁਰੰਤ ਹੋ ਗਈ ਸੀ, ਉਥੇ ਇਲਾਜ ਦੌਰਾਨ ਹੋਰ 10 ਲੋਕਾਂ ਦੀ ਮੌਤ ਹੋਣ ਨਾਲ ਇਹ ਗਿਣਤੀ 27 ਤੱਕ ਪਹੁੰਚ ਗਈ।

ਸੋਸਾਇਟੀ ਵੱਲੋਂ ਮੰਗ ਕੀਤੀ ਗਈ ਕਿ ਦੋਸ਼ੀਆਂ ਖ਼ਿਲਾਫ਼ ਬਿਨਾਂ ਦੇਰੀ ਕੇ ਐਫ.ਆਈ.ਆਰ. ਦਰਜ ਕਰਕੇ ਗ੍ਰਿਫਤਾਰੀ ਕੀਤੀ ਜਾਵੇ। ਹਾਈ ਕੋਰਟ ਦੇ ਮੌਜੂਦਾ ਜੱਜ ਦੀ ਅਧੀਨਤਾ ਹੇਠ ਵਿਸ਼ੇਸ਼ ਕਮੇਟੀ ਗਠਿਤ ਕਰਕੇ ਪੂਰੇ ਤੰਤਰ ਦੀ ਜਾਂਚ ਕੀਤੀ ਜਾਵੇ। ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 1-1 ਕਰੋੜ ਰੁਪਏ ਦੀ ਫੌਰੀ ਮਾਲੀ ਸਹਾਇਤਾ ਦਿੱਤੀ ਜਾਵੇ। ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਮੈਮੋਰੰਡਮ ਵਿੱਚ ਸਪਸ਼ਟ ਤੌਰ ਤੇ ਆਖਿਆ ਗਿਆ ਕਿ ਮੌਜੂਦਾ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਸਿਰਫ਼ ਜਿਹਨ ਦੀ ਲੀਪਾ-ਪੋਤੀ ਕਰ ਰਹੀ ਹੈ। ਇਹ ਵੀ ਦੱਸਿਆ ਗਿਆ ਕਿ ਸੰਗਰੂਰ ਵਿੱਚ ਵੀ ਪਿਛਲੇ ਸਾਲ ਐਸੇ ਹੀ ਨਕਲੀ ਸ਼ਰਾਬ ਨਾਲ 21 ਮੌਤਾਂ ਹੋਈਆਂ ਸਨ, ਪਰ ਸਰਕਾਰ ਨੇ ਅਜੇ ਤੱਕ ਕੋਈ ਗੰਭੀਰ ਕਾਰਵਾਈ ਨਹੀਂ ਕੀਤੀ।

ਸੋਸਾਇਟੀ ਨੇ ਅੰਤ ਵਿੱਚ ਰਾਜਪਾਲ ਤੋਂ ਅਪੀਲ ਕੀਤੀ ਕਿ ਉਹ ਆਪਣਾ ਸੰਵਿਧਾਨਕ ਭੂਮਿਕਾ ਨਿਭਾਉਂਦੇ ਹੋਏ ਨਸ਼ਿਆਂ ਦੇ ਖਿਲਾਫ਼ ਠੋਸ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਸਰਕਾਰ ਨੂੰ ਸਖ਼ਤ ਨਿਰਦੇਸ਼ ਜਾਰੀ ਕਰਨ।

# ਟਰੈਫਿੰਗ ਇਨਚਾਰਜ ਵੱਲੋਂ ਓਵਰਲੋਡ ਟਿੱਪਰਾਂ ਦੇ ਕੱਟੇ ਗਏ ਚਲਾਣ

## ਆਏ ਦਿਨ ਸੜਕਾਂ ਤੇ ਰਾਹਗੀਰਾਂ ਨੂੰ ਕਰਨਾ ਪੈ ਰਿਹਾ ਹੈ ਪਰੇਸ਼ਾਨੀ ਦਾ ਸਾਹਮਣਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com






ਸ੍ਰੀ ਚਮਕੌਰ ਸਾਹਿਬ 22 ਮਈ (ਹਰਦਿਆਲ ਸਿੰਘ ਸੰਧੂ) ਸਥਾਨਕ ਸ੍ਰਿ ਚਮਕੌਰ ਸਾਹਿਬ ਤੋਂ ਕੌਂਸਲਰ ਸੁਖਬੀਰ ਸਿੰਘ ਅਤੇ ਸਮਾਜ ਸੇਵੀ ਤਾਰਾ ਚੰਦ ਨੇ ਜਿੱਥੇ ਅੱਜ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਸ਼ਹਿਰ ਵਿੱਚ ਪਿਛਲੇ ਕਈ ਦਿਨਾਂ ਤੋਂ ਓਵਰਲੋਡ ਟਿੱਪਰਾਂ ਦੀ ਭਰਮਾਰ ਕਾਰਨ ਸੜਕਾਂ ਦਾ ਬੁਰਾ ਹਾਲ ਹੈ ਅਤੇ ਰਾਹਗੀਰਾਂ ਨੂੰ ਆਏ ਦਿਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਓਵਰਲੋਡ ਟਿੱਪਰਾਂ ਕਾਰਨ ਸ਼ਹਿਰ 'ਚ ਬਣੀਆਂ ਛੋਟੀਆਂ ਸੜਕਾਂ ਟੁੱਟ ਚੁੱਕੀਆਂ ਅਤੇ ਬੁਰਾ ਹਾਲ ਏ ਅਤੇ ਕਈ ਜਗ੍ਹਾ ਤੋਂ ਸੜਕਾਂ ਵਜਨ ਜ਼ਿਆਦਾ ਹੋਣ ਕਾਰਨ ਦਬ ਗਈਆਂ ਨੇ ਇੱਥੇ ਇਹ ਵੀ ਦੱਸ ਦਈਏ ਕਿ ਇੱਕ ਟੂਲ ਪਲਾਜਾ ਬਚਾਉਣ ਦੇ ਚੱਕਰ ਚ ਸਾਰੇ ਟਿੱਪਰ ਵਾਇਆ ਸ੍ਰੀ ਚਮਕੌਰ ਸਾਹਿਬ ਤੋਂ ਲੰਘ ਕੇ ਮੋਰਿੰਡਾ ਸਾਈਡ ਜਾ ਰਹੇ ਨੇ ਇੱਕ ਪਰਚੀ ਬਚਾਉਣ ਦੇ ਚੱਕਰ ਵਿੱਚ ਪੀ ਡਬਲਿਉ ਡੀ ਵੱਲੋਂ ਬਣਾਈਆਂ ਗਈਆਂ ਸੜਕਾਂ ਨੂੰ ਕਾਫੀ ਨੁਕਸਾਨ ਹੋ ਰਿਹਾ ਹੈ ਪਰ ਪ੍ਰਸ਼ਾਸਨ ਦੇ ਅਧਿਕਾਰੀ ਜਾਂ ਕਹਿ ਦਈਏ ਇਸ ਸੰਬੰਧਿਤ ਵਿਭਾਗ ਦੇ ਅਧਿਕਾਰੀ ਇਸ ਵੱਲ ਗੌਰ ਨਹੀਂ ਕਰ ਰਹੇ ਅਤੇ ਅਣਦੇਖਿਆ ਕਰਦੇ ਹੋਏ ਆਪਣਾ ਟਾਈਮ ਟਪਾ ਰਹੇ ਹਨ ਅਤੇ ਮੂਕ ਦਰਸ਼ਕ ਬਣੇ ਹੋਏ ਹਨ।

# ਸੜਕ ਤੋਂ ਦਿਨ ਰਾਤ ਲੰਘਦੇ ਓਵਰਲੋਡ ਵਾਹਨਾਂ ਕਾਰਨ ਦੋ ਸਾਲ ਪਹਿਲਾ ਬਣ ਕੇ ਤਿਆਰ ਹੋਈ ਚਮਕੌਰ ਸਾਹਿਬ - ਮੋਰਿੰਡਾ ਸੜਕ ਥਾਂ ਥਾਂ ਤੋਂ ਲੱਗੀ ਟੁੱਟਣ

## ਬਰਸਾਤ ਦਾ ਸੀਜ਼ਨ ਹੋਣ ਵਾਲਾ ਹੈ ਸ਼ੁਰੂ ਜਿਸ 'ਚ ਸੜਕ ਦੀ ਹਾਲਤ ਹੋਰ ਵੀ ਖਸਤਾ ਹੋਣ ਦੀ ਹੈ ਸੰਭਾਵਨਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਸ੍ਰੀ ਚਮਕੌਰ ਸਾਹਿਬ 22 ਮਈ (ਹਰਦਿਆਲ ਸਿੰਘ ਸੰਧੂ) ਬਹੁਤ ਲੰਮੇ ਸਮੇਂ ਤੋਂ ਬਾਅਦ ਇਤਿਹਾਸਿਕ ਨਗਰੀ ਸ੍ਰੀ ਚਮਕੌਰ ਸਾਹਿਬ - ਮੋਰਿੰਡਾ ਸੜਕ ਜੋ ਕਿ 2023 ਵਿੱਚ ਮੁਕੰਮਲ ਹੋਈ ਸੀ। ਜੋਕਿ ਦੋ ਸਾਲ ਬਾਅਦ ਹੀ ਥਾਂ ਥਾਂ ਤੋਂ ਟੁੱਟਣ ਲੱਗੀ ਹੈ। ਸੜਕ ਤੋਂ ਦਿਨ ਰਾਤ ਲੰਘਦੇ ਓਵਰਲੋਡ ਵਾਹਨ ਇਸ ਦਾ ਮੁੱਖ ਕਾਰਨ ਬਣ ਰਹੇ ਹਨ । ਵਰਨਣ ਯੋਗ ਹੈ ਕਿ 2021 ਵਿੱਚ ਤਤਕਾਲੀ ਮੁੱਖ ਮੰਤਰੀ ਅਤੇ ਹਲਕਾ ਵਿਧਾਇਕ ਚਰਨਜੀਤ ਸਿੰਘ ਚੰਨੀ ਵੱਲੋਂ ਕੀਤੇ ਐਲਾਨਾਂ ਚੋਂ ਚਮਕੌਰ ਸਾਹਿਬ - ਮੋਰੰਡਾ ਸੜਕ ਨੂੰ ਚੌੜਾ ਕਰਨ ਦਾ ਕੰਮ ਸ਼ੁਰੂ ਹੋਇਆ ਸੀ, ਜੋ ਕਿ ਲਗਪਗ 2023 ਵਿੱਚ ਮੁਕੰਮਲ ਹੋਇਆ। ਪਰ ਦੋ ਸਾਲ ਬਾਅਦ ਹੀ ਇਹ ਸੜਕ ਉੱਤੇ ਕਈ ਥਾਂ ਤੇ ਪਾਈ ਪ੍ਰੀਮਿਕਸ 'ਚ ਕਰੈਕ ਆਉਣੇ ਸ਼ੁਰੂ ਹੋ ਚੁੱਕੇ ਹਨ ਅਤੇ ਕਈ ਥਾਵਾਂ ਤੋਂ ਸੜਕ ਦੀ ਬਜਰੀ ਉਖੜ ਚੁੱਕੀ ਹੈ ਜਿਸ ਨੂੰ ਕਿ ਹੂੰਝ ਕੇ ਸੜਕ ਦੇ ਕੰਢੇ ਇਕੱਠਾ ਕੀਤਾ ਗਿਆ ਹੈ। ਇਸ ਟੁੱਟੇ ਹੋਏ ਸੜਕ ਦੇ ਟੋਟੇ ਕਾਰਨ ਲੰਘਣ ਵਾਲੇ ਰਾਹਗੀਰਾਂ ਨੂੰ ਰੋਜਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਉਂਕਿ ਬਾਕੀ ਦੀ ਸੜਕ ਬੜੀ ਵਧੀਆਂ ਹੈ ਜਿਸ ਉੱਤੇ ਜੇਕਰ ਕੋਈ ਰਾਹਗੀਰ ਖਾਸ ਕਰਕੇ ਦੋ ਪਹੀਆ ਵਾਹਨ ਸਵਾਰ ਸਪੀਡ ਚ ਆਉਂਦਾ ਹੈ ਤਾਂ ਅਚਾਨਕ ਟੁੱਟੀ ਸੜਕ ਆ ਜਾਣ ਤੇ ਉਹ ਕਿਸੇ ਹਾਦਸੇ ਦਾ ਸ਼ਿਕਾਰ ਹੋ ਸਕਦਾ ਹੈ । ਇਲਾਕਾ ਨਿਵਾਸੀਆਂ ਨੇ ਕਿਹਾ ਕਿ ਦੋ ਸਾਲ ਪਹਿਲਾਂ ਬਣੀ ਸੜਕ ਦਾ ਇੰਨੀ ਜਲਦੀ ਟੁੱਟ ਜਾਣਾ ਵੱਡੇ ਸਵਾਲ ਖੜੇ ਕਰਦੀ ਹੈ ।ਸੜਕ ਦੀ ਮਟੀਰੀਅਲ ਪੱਖੋਂ ਜਾਂਚ ਹੋਣੀ ਚਾਹੀਦੀ ਹੈ ਅਤੇ ਸਬੰਧਤ ਵਿਭਾਗ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਕਿਉਂਕਿ ਇੱਕ ਮਹੀਨੇ ਬਾਅਦ ਬਰਸਾਤ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਜਿਸ ਵਿੱਚ ਸੜਕ ਦੀ ਹਾਲਤ ਹੋਰ ਵੀ ਮਾੜੀ ਹੋਣ ਦੀ ਪੂਰੀ ਸੰਭਾਵਨਾ ਹੈ। ਇਸ ਦੇ ਨਾਲ ਹੀ ਉਹਨਾਂ ਦਾ ਕਹਿਣਾ ਹੈ ਕਿ ਪੁਲਿਸ ਪ੍ਰਸ਼ਾਸਨ ਨੂੰ ਵੀ ਓਵਰਲੋਡ ਵਾਹਨਾਂ ਦੀ ਜਾਂਚ ਕਰਨੀ ਚਾਹੀਦੀ ਹੈ ਜੋ ਬਹਿਰਾਮਪੁਰ ਜਿਮੀਦਾਰਾ ਜਾਂ ਰੁੜਕੀ ਪੁਖਤਾ ਦੇ ਟੋਲ ਪਲਾਜਿਆਂ ਤੋਂ ਬਚਣ ਲਈ ਇਸ ਰਸਤੇ ਆ ਰਹੇ ਹਨ

# ਲੈਂਡਸੀਲਿੰਗ ਐਕਟ ਤਹਿਤ ਵਾਧੂ ਜ਼ਮੀਨ ਸਾਰੇ ਲੋੜਵੰਦਾਂ ਅਤੇ,ਬੇਜ਼ਮੀਨੇ ਵਰਗਾਂ 'ਚ ਵੰਡੀ ਜਾਵੇ ,,- ਪੰਜਾਬ ਕਿਸਾਨ ਯੂਨੀਅਨ.

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਮਾਨਸਾ 22 ਮਈ ( ਆਤਮਾ ਸਿੰਘ ਪਮਾਰ ) - ਕੱਲ ਸੰਗਰੂਰ ਏਰੀਏ ਨੂੰ ਛਾਉਣੀ ਵਿੱਚ ਤਬਦੀਲ ਕਰਕੇ ਇਨਕਲਾਬੀ ਕਹਾਉਂਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜ਼ਮੀਨ ਵਿਹੂਣੇ ਲੋਕਾਂ ਨਾਲ ਸ਼ਰੇਆਮ ਧੱਕਾ ਕੀਤਾ ਗਿਆ I ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਗੁਰਨਾਮ ਸਿੰਘ ਭੀਖੀ,ਗੁਰਜੰਟ ਸਿੰਘ ਮਾਨਸਾ ਅਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਇੱਕ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ 2009 ਵਿੱਚ ਚੱਲੇ 'ਪਲਾਟ ਅੰਦੋਲਨ' ਦੌਰਾਨ ਮੌਕੇ ਦੀ ਸਰਕਾਰ ਨੇ ਪੰਚਾਇਤੀ ਜ਼ਮੀਨ ਲੋੜਵੰਦ ਲੋਕਾਂ ਨੂੰ ਵੰਡਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ,ਜਿਸਨੂੰ ਪਹਿਲ ਦਿੰਦਿਆਂ ਆਮ ਆਦਮੀ ਕਹਾਉਂਦੀ ਪਾਰਟੀ ਨੂੰ ਲਾਗੂ ਕਰਨਾ ਚਾਹੀਦਾ ਸੀ,ਤਾਂ ਜੋ ਆਮ ਲੋਕ ਬੁਨਿਆਦੀ ਲੋੜਾਂ ਨੂੰ ਪੂਰਾ ਕਰ ਸਕਣ I ਇਸਦੀ ਬਜਾਏ ਸਗੋਂ ਆਮ ਸਰਕਾਰ ਵੱਲੋਂ ਖ਼ਾਸ ਰੁੱਖ ਅਪਣਾਉਂਦਿਆਂ ਆਮ ਲੋਕਾਂ ਨੂੰ ਪੁਲਿਸ ਜਬਰ ਨਾਲ ਖਦੇੜਨ ਦੇ ਹੱਥਕੰਡੇ ਵਰਤੇ I ਆਗੂਆਂ ਨੇ'ਜਮੀਨ ਪਾ੍ਪਤੀ ਸੰਘਰਸ਼ ਕਮੇਟੀ'ਦੇ ਬੈਨਰ ਹੇਠ ਇਕੱਠੇ ਹੋਏ ਬੇਗਮਪੁਰਾ ਵਸਾਉਣ ਚੱਲੇ ਤਮਾਮ ਲੋਕਾਂ ਨਾਲ ਆਮ ਸਰਕਾਰ ਵੱਲੋਂ ਕੀਤੇ ਘਟੀਆ ਵਰਤਾਓ ਤਹਿਤ ਕੀਤੀਆਂ ਗ੍ਰਿਫਤਾਰੀਆਂ,ਛਾਪੇਮਾਰੀਆਂ ਦੀ ਸਖ਼ਤ ਨਿੰਦਾ ਕੀਤੀ I ਉਨਾਂ ਕਿਹਾ ਕਿ ਪੰਜਾਬ ਸਰਕਾਰ 'ਸਰਮਾਏਦਾਰੀ ਪੈਟਰਨ' ਤੇ ਚੱਲਣ ਦੀ ਬਜਾਏ 1972 ਵਿੱਚ ਬਣੇ ਲੈਂਡਸੀਲਿੰਗ ਐਕਟ ਨੂੰ ਲਾਗੂ ਕਰਕੇ ਰਾਜਨੀਤਕ ਪਹੁੰਚ ਰੱਖਣ ਵਾਲੇ ਇਨਕਮ ਸ੍ਰੋਤਾਂ ਤੋਂ ਵਾਧੂ ਜ਼ਮੀਨ ਦੇ ਮਾਲਕਾਂ ਅਤੇ ਕੁਰੱਪਟ ਅਫ਼ਸਰਸਾਹੀ ਤੋਂ ਫਾਲਤੂ ਜ਼ਮੀਨਾਂ ਖੋਹਕੇ ਤਮਾਮ ਲੋੜਵੰਦਾਂ 'ਚ ਤਕਸੀਮ ਕਰੇ। ਉਨਾਂ ਗ੍ਰਿਫਤਾਰ ਆਗੂਆਂ ਅਤੇ ਵਰਕਰਾਂ ਨੂੰ ਤੇ ਆਮ ਲੋਕਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਵੀ ਕੀਤੀ I ਉਨਾਂ ਕਿਹਾ ਕਿ ਜੇਕਰ ਸਰਕਾਰ ਨੇ ਲੋਕਾਂ ਦੀਆਂ ਬੁਨਿਆਦੀ ਮੰਗਾਂ ਵੱਲ ਧਿਆਨ ਨਾਂ ਦਿੱਤਾ ਤਾਂ ਲੋਕ ਆਉਂਦੀਆਂ ਚੋਣਾਂ ਦੌਰਾਨ ਇੱਕਜੁੱਟਤਾ ਨਾਲ 'ਆਮ ਆਦਮੀ ਪਾਰਟੀ' ਨੂੰ ਸੱਤਾ ਤੋਂ ਲਾਂਭੇ ਕਰਕੇ ਸ਼ਬਕ ਜਰੂਰ ਸਿਖਾਉਣਗੇ I

# ਆਲ ਇੰਡੀਆ ਆਂਗਣਵਾੜੀ ਵਰਕਰਜ ਹੈਲਪਰ ਯੂਨੀਅਨ ਪੰਜਾਬ ਏਟਕ ਵੱਲੋਂ ਦਿੱਤਾ ਗਿਆ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਜ ਲਾ ਲਾ ਬਾ ਦ 22 ਮਈ (ਮਨੋਜ ਕੁਮਾਰ, ਸੁਭਾਸ਼ ਸਿੰਘ) ਆਲ ਇੰਡੀਆ ਆਂਗਣਵਾੜੀ ਵਰਕਰਜ ਹੈਲਪਰ ਯੂਨੀਅਨ ਪੰਜਾਬ ਏਟਕ ਵੱਲੋਂ ਅੱਜ ਮੰਗ ਪੱਤਰ ਸੀਡੀਪੀਓ ਰਾਹੀਂ ਮਾਨਯੋਗ ਕੇਂਦਰੀ ਮੰਤਰੀ ਸਮਾਜਿਕ ਸੁਰੱਖਿਆ ਇਸਤਰੀ ਬਾਲ ਵਿਕਾਸ ਵਿਭਾਗ ਦਿੱਲੀ ਮਾਨਯੋਗ ਮੰਤਰੀ ਸਮਾਜਿਕ ਸੁਰੱਖਿਆ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਸਕੱਤਰ ਸਮਾਜਿਕ ਸੁਰੱਖਿਆ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਨੂੰ ਭੇਜਿਆ ਗਿਆ ਮੰਗ ਪੱਤਰ ਵਿੱਚ ਆਂਗਣਵਾੜੀ ਵਰਕਰਾਂ ਵੱਲੋਂ ਮੰਗ ਕੀਤੀ ਗਈ ਕਿ ਆਂਗਣਵਾੜੀ ਵਰਕਰਾਂ ਕੋਲੋਂ ਲਾਭਪਾਤਰੀਆਂ ਨਾਲ ਸੰਬੰਧਿਤ OTP ਦਾ ਕੰਮ ਨਾ ਕਰਵਾਇਆ ਜਾਵੇ ਜਿਸ ਨਾਲ ਆਂਗਣਵਾੜੀ ਵਰਕਰਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ OTP ਲਾਭਪਾਤਰੀ ਆਪਣਾ OTP ਦੇਣ ਤੋਂ ਨਾ ਕਰਦੇ ਹਨ ਕਿਉਂਕਿ ਉਹਨਾਂ ਨੂੰ ਡਰ ਲੱਗਿਆ ਰਹਿੰਦਾ ਹੈ ਕਿ ਸਾਡੇ ਖਾਤਿਆਂ ਨਾਲ ਛੇੜ ਛਾੜ ਨਾ ਹੋ ਜਾਵੇ ਜਿਸ ਦੇ ਚਲਦੇ ਆਂਗਣਵਾੜੀ ਵਰਕਰ ਨੂੰ ਬਹੁਤ ਮੁਸ਼ਕਿਲਾਂ ਵਿੱਚੋਂ ਲੰਘਣਾ ਪੈਂਦਾ ਹੈ ਤੇ ਲੋਕਾਂ ਨਾਲ ਵਾਦ ਵਿਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਆਂਗਣਵਾੜੀ ਵਰਕਰ ਹੈਲਪਰ ਨੂੰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਪਹਿਲਾਂ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ ਪਰ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਕਦੇ ਵੀ ਹਰ ਮਹੀਨੇ ਬਜਟ ਨਹੀਂ ਕਈ ਵਾਰ ਦੋ ਤਿੰਨ ਤਿੰਨ ਮਹੀਨੇ ਪੰਜਾਬ ਸਰਕਾਰ ਦੀ ਤਨਖਾਹ ਨਹੀਂ ਮਿਲਦੀ ਤੇ ਕਈ ਵਾਰ ਚਾਰ ਪੰਜ ਪੰਜ ਮਹੀਨੇ ਸੈਂਟਰ ਸਰਕਾਰ ਵੱਲੋਂ ਜੋ ਤਨਖਾਹ ਮਿਲਦੀ ਹੈ ਓ ਵੀ ਨਹੀਂ ਮਿਲਦੀ. ਤਨਖਾਵਾਂ ਆਂਗਣਵਾੜੀ ਵਰਕਰ ਹੈਲਪਰ ਨੂੰ ਸਮੇਂ ਸਿਰ ਦਿੱਤੀਆਂ ਜਾਣ. ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਤਨਖਾਹ ਦੁਗਣੀ ਕੀਤਾ ਜਾਵੇ ਤੇ ਬਕਾਇਆ ਤੁਰੰਤ ਦਿੱਤਾ ਜਾਵੇ ਤਿੰਨ ਤੋਂ ਛੇ ਸਾਲ ਦੇ ਬੱਚੇ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜੇ ਜਾਣ . ਮੰਗ ਪੱਤਰ ਦੇਣ ਸਮੇਂ ਸੂਬਾ ਪ੍ਰਧਾਨ ਸਰੋਜ ਛੱਪੜੀ ਵਾਲਾ ਸੂਬਾ ਜਨਰਲ ਸੈਕਟਰੀ ਸੁਨੀਲ ਕੌਰ ਬੇਦੀ. ਬਲਾਕ ਪ੍ਰਧਾਨ ਬਲਵਿੰਦਰ ਕੌਰ ਮਮਦੇਵਾਲਾ ਮੰਜੂ ਖੁਬਾਇਆ ਰਾਜ ਕੌਰ. ਰਾਜ ਰਾਣੀ ਲਮੋਚੜ. ਆਸ਼ਾ ਚੱਕ ਦੁਮਾਲ ਅਰਪਣਾ ਸਿਮਰੇ ਵਾਲੀ ਕੈਲਾਸ਼ ਜਲਾਲਾਬਾਦ. ਦੀਪ ਮਾਲਾ ਜਲਾਲਾਬਾਦ ਬਿਮਲਾ ਜਲਾਲਾਬਾਦ. ਅਮਰਜੀਤ ਕੌਰ ਜੰਡਵਾਲਾ. ਲਾਜਵੰਤੀ ਟਾਹਲੀ ਵਾਲਾ. ਸ਼ਾਮਿਲ ਹੋਏ।

# ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਨਾਲੀਆਂ ਵਿੱਚ ਦਵਾਈ ਦਾ ਛਿੜਕਾਓ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com


ਡੇਂਗੂ ਅਤੇ ਮਲੇਰੀਆ ਦੇ ਮੱਛਰ ਦੀ ਰੋਕਥਾਮ ਲਈ ਵਾਰਡ ਨੰਬਰ 10 ਵਿੱਚ ਸਿਹਤ ਵਿਭਾਗ ਦੀ ਟੀਮ ਨਾਲੀਆਂ ਵਿੱਚ ਦਵਾਈ ਦਾ ਛਿੜਕਾਓ ਕਰਦੀ ਹੋਈ।

ਨਾਭਾ 22 ਮਈ (ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ) ਸਿਵਿਲ ਸਰਜਨ ਪਟਿਆਲਾ ਦੇ ਦਿਸ਼ਾ ਨਿਰਦੇਸ਼ ਅਤੇ ਡਾਕਟਰ ਸੁਮਿਥ ਜਿਲ੍ਹਾ ਐਪੀਡਮੋਲੋਜਿਸਟ ਅਤੇ ਐਸ ਆਈ ਚਮਕੌਰ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਨਾਭਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਡੇਂਗੂ ਅਤੇ ਮਲੇਰੀਆ ਦੇ ਮੱਛਰ ਦੀ ਰੋਕਥਾਮ ਲਈ ਨਾਲੀਆਂ ਵਿੱਚ ਦਵਾਈ ਦਾ ਸਪਰੇਅ ਕੀਤਾ ਗਿਆ। ਇਸ ਸਬੰਧੀ ਵਾਰਡ ਨੰਬਰ 10 ਬਸੰਤਪੁਰ ਮਹੱਲਾ ਵਿਖੇ ਨਾਲੀਆਂ ਵਿੱਚ ਦਵਾਈ ਦਾ ਛੜਕਾਓ ਕਰਨ ਮੌਕੇ ਸਿਹਤ ਅਧਿਕਾਰੀ ਜਗਸੀਰ ਸਿੰਘ ਅਤੇ ਰਜਿੰਦਰ ਸਿੰਘ ਨੇ ਦੱਸਿਆ ਕਿ ਲੋਕਾਂ ਨੂੰ ਮੱਛਰਾਂ ਤੋਂ ਬਚਾਓ ਲਈ ਸਿਹਤ ਵਿਭਾਗ ਦੇ ਅਧਿਕਾਰੀਆਂ ਦੀ ਹਦਾਇਤਾਂ ਤੇ ਗਰਮੀ ਦੀ ਸੀਜਨ ਦੌਰਾਨ ਮੱਛਰਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਖੜੇ ਪਾਣੀ ਵਿੱਚ ਅਤੇ ਨਾਲੀਆਂ ਵਿੱਚ ਦਵਾਈ ਦਾ ਛਿੜਕਾਓ ਕੀਤਾ ਜਾ ਰਿਹਾ ਹੈ ਤਾਂ ਜੋ ਡੇਂਗੂ ਅਤੇ ਮਲੇਰੀਆ ਦੇ ਮੱਛਰਾਂ ਨੂੰ ਸਮੇਂ ਰਹਿੰਦੇ ਪਹਿਲਾਂ ਹੀ ਮਾਰਿਆ ਜਾ ਸਕੇ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਪਾਣੀ ਨੂੰ ਨਾ ਖੜਾ ਹੋਣ ਦੇਣ ਅਤੇ ਕੂੱਲਰਾਂ ਤੇ ਛੱਤ ਉੱਪਰ ਰੱਖੇ ਬਰਤਨਾ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰਨ ਤਾਂ ਜੋ ਡੇਂਗੂ ਦੇ ਮੱਛਰ ਨੂੰ ਬਣਨ ਤੋਂ ਪਹਿਲਾਂ ਹੀ ਮਾਰਿਆ ਜਾ ਸਕੇ। ਇਸ ਸਬੰਧੀ ਵਾਰਡ ਨੰਬਰ 10 ਨਿਵਾਸੀ ਨਰੇਸ਼ ਸ਼ਰਮਾ ਨੇ ਇਹ ਦੱਸਿਆ ਕਿ ਮੱਛਰਾਂ ਨਾਲ ਕਈ ਗੰਭੀਰ ਬਿਮਾਰੀਆਂ ਹੋਣ ਦਾ ਖਤਰਾ ਹੈ ਇਸ ਲਈ ਸਿਹਤ ਵਿਭਾਗ ਵੱਲੋਂ ਸਮੇਂ ਰਹਿੰਦੇ ਚਲਾਈ ਗਈ ਇਹ ਮੁਹਿਮ ਬਹੁਤ ਲਾਭਦਾਇਕ ਹੈ । ਸਿਹਤ ਵਿਭਾਗ ਦੀ ਟੀਮ ਵਿੱਚ ਤਜਿੰਦਰ ਸਿੰਘ ਵੱਲੋਂ ਦਵਾਈ ਦਾ ਛੜਕਾਓ ਕੀਤਾ ਗਿਆ।

# ਗੋਰਾਇਆ ਪੁਲਿਸ ਨੇ ਇੱਕ ਮਹਿਲਾ ਨੂੰ 50 ਗ੍ਰਾਮ ਹੈਰੋਇਨ ਤੇ ਦੂਸਰੀ ਮਹਿਲਾ ਨੂੰ 7500 ਐੱਮ. ਐੱਲ ਨਜ਼ਾਇਜ਼ ਸ਼ਰਾਬ ਸਮੇਤ ਕੀਤਾ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਫਿ ਲੌ ਰ / ਅੱ ਪ ਰਾ ( ਦੀ ਪਾ ) - ਗੁ ਰਾ ਇ ਆ ਪੁਲਿਸ ਨੇ ਇੱਕ ਮਹਿਲਾ ਨੂੰ 50 ਗ੍ਰਾਮ ਹੈਰੋਇਨ ਜਦਕਿ ਦੂਸਰੀ ਮਹਿਲਾਂ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸਐਚਓ ਗੁਰਾਇਆ ਸਿਕੰਦਰ ਸਿੰਘ ਵਿਰਕ ਨੇ ਦੱਸਿਆ ਚੌਂਕੀ ਇੰਚਾਰਜ ਧੁਲੇਤਾ ਏਐਸਆਈ ਸੁਭਾਸ਼ ਕੁਮਾਰ ਨੇ ਸਮੇਤ ਮਹਿਲਾ ਕਰਮਚਾਰੀ ਨਾਕਾਬੰਦੀ ਦੌਰਾਨ ਇੱਕ ਸਕੂਟਰੀ ਸਵਾਰ ਮਹਿਲਾ ਨੂੰ ਰੋਕ ਕੇ ਪੁੱਛਗਿੱਛ ਕੀਤੀ ਜਿਸਨੇ ਆਪਣਾ ਨਾਮ ਸੰਦੀਪ ਕੌਰ ਉਰਫ ਸੀਪਾ ਪਤਨੀ ਲੇਟ ਸਤਨਾਮ ਸਿੰਘ ਵਾਸੀ ਜੀਤੋ ਕਲੋਨੀ ਨੂਰਮਹਿਲ ਦੱਸਿਆ ਜਿਸਦੀ ਤਲਾਸ਼ੀ ਲੈਣ ਤੇ ਉਸ ਪਾਸੋਂ 50 ਗ੍ਰਾਮ ਹਰੋਇਨ ਬਰਾਮਦ ਕੀਤੀ ਗਈ ਹੈ ਜਿਸ ਤੋਂ ਹੋਰ ਪੁੱਛਕਿਛ ਕੀਤੀ ਜਾ ਰਹੀ ਹੈ ਇਸੇ ਤਰ੍ਹਾਂ ਏਐਸਆਈ ਬਾਵਾ ਸਿੰਘ ਨੇ ਸਮੇਤ ਮਹਿਲਾ ਕਰਮਚਾਰੀ ਊਸ਼ਾ ਪਤਨੀ ਸਤਨਾਮ ਸ਼ਾਮਾ ਵਾਸੀ ਪਿੰਡ ਗੋਹਾਵਰ ਥਾਣਾ ਗੁਰਾਇਆ ਪਾਸੋਂ 7500 ਐਮਐਲ ਸ਼ਰਾਬ ਨਜਾਇਜ ਬਰਾਮਦ ਕੀਤੀ ਹੈ, ਜਿਸ ਦੇ ਖਿਲਾਫ ਆਬਕਾਰੀ ਐਕਟ ਦਾ ਮਾਮਲਾ ਦਰਜ ਕਰਕੇ ਹੋਰ ਪੁੱਛਗਿਛ ਕੀਤੀ ਜਾ ਰਹੀ ਹੈ

# ਤਿਤਲੀ ਅਤੇ ਖਰਗੋਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com

ਕਹਾਣੀ :

ਕਹਾਣੀਕਾਰ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ 9478561356



"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਬਹੁਤ ਪਹਿਲਾਂ ਦੀ ਗੱਲ ਹੈ। ਇੱਕ ਨਦੀ ਦੇ ਕਿਨਾਰੇ ਨਿੰਮ ਦਾ ਇੱਕ ਦਰਖ਼ਤ ਸੀ। ਉਸ ਦੇ ਉੱਤੇ ਇੱਕ ਸੁੰਦਰ ਤਿਤਲੀ ਰਹਿੰਦੀ ਸੀ। ਉਸਦੇ ਪੰਖ ਬਹੁਤ ਸੋਹਣੇ ਸਨ। ਉਹ ਬਹੁਤ ਦੂਰ - ਦੂਰ ਤੱਕ ਉੱਡ ਕੇ ਜਾਂਦੀ ਸੀ। ਉਸ ਦਰੱਖਤ ਦੇ ਕੋਲ ਹੀ ਇੱਕ ਖੁੱਡ ਸੀ। ਖੁੱਡ ਵਿੱਚ ਖਰਗੋਸ਼ ਰਹਿੰਦਾ ਸੀ। ਇੱਕ ਵਾਰ ਤਿਤਲੀ ਨੂੰ ਆਪਣੇ ਸੁੰਦਰ ਪੰਖਾਂ 'ਤੇ ਹੰਕਾਰ ਹੋ ਗਿਆ। ਉਸਨੇ ਖਰਗੋਸ਼ ਨੂੰ ਆਪਣੇ ਨਾਲ਼ ਦੌੜ ਲਗਾਉਣ ਦੀ ਗੱਲ ਕਹੀ। ਖਰਗੋਸ਼ ਤਿਤਲੀ ਦੇ ਨਾਲ਼ ਦੌੜ ਲਗਾਉਣ ਲੱਗਾ। ਤਿਤਲੀ ਤੇਜ਼ - ਤੇਜ਼ ਉੱਡ ਗਈ। ਖਰਗੋਸ਼ ਵੀ ਦੌੜਦਾ ਰਿਹਾ। ਅੱਗੇ ਇੱਕ ਨਦੀ ਆ ਗਈ। ਖਰਗੋਸ਼ ਨਦੀ ਪਾਰ ਨਹੀਂ ਸੀ ਕਰ ਸਕਦਾ , ਪਰ ਤਿਤਲੀ ਆਪਣੇ ਪੰਖਾਂ ਨਾਲ਼ ਨਦੀ ਪਾਰ ਕਰ ਗਈ। ਤਿਤਲੀ ਦੌੜ ਵਿੱਚ ਜਿੱਤ ਗਈ। ਉਸ ਨੂੰ ਆਪਣੇ ਖੂਬਸੂਰਤ ਪੰਖਾਂ 'ਤੇ ਅਤੇ ਆਪਣੀ ਉਡਾਨ 'ਤੇ ਬਹੁਤ ਹੰਕਾਰ ਹੋ ਗਿਆ। ਸਮਾਂ ਗੁਜਰਦਾ ਰਿਹਾ। ਇੱਕ ਵਾਰ ਬਹੁਤ ਤੇਜ਼ ਹਨੇਰੀ ਆਈ ਅਤੇ ਮੀਂਹ ਵੀ ਪਿਆ। ਉਸ ਹਨੇਰੀ ਦੇ ਨਾਲ਼ ਤਿਤਲੀ ਦੇ ਪੰਖਾਂ ਨੂੰ ਨੁਕਸਾਨ ਪਹੁੰਚ ਗਿਆ। ਹੁਣ ਉਹ ਉੱਡ ਨਹੀਂ ਸੀ ਸਕਦੀ। ਮੀਂਹ ਦੇ ਵਿੱਚ ਤਿਤਲੀ ਆਪਣਾ ਬਚਾਅ ਨਾ ਕਰ ਸਕੀ ਅਤੇ ਤੇਜ ਗੜੀਮਾਰੀ ਕਰਕੇ ਉਸਦੀ ਮੌਤ ਹੋ ਗਈ। ਪਰ ਖਰਗੋਸ਼ ਤੇਜ਼ ਦੌੜ ਕੇ ਆਪਣੀ ਖੁੱਡ ਵਿੱਚ ਲੁੱਕ ਗਿਆ ਤੇ ਉਸਦੀ ਜਾਨ ਬਚ ਗਈ। ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਿਸੇ ਵੀ ਗੱਲ ਅਤੇ ਆਪਣੇ ਕਿਸੇ ਵੀ ਗੁਣ ਦਾ ਹੰਕਾਰ ਨਹੀਂ ਕਰਨਾ ਚਾਹੀਦਾ।

# ਕਿਰਤੀਆਂ ਦੇ ਪਰਬਤਾਂ ਜਿਹੇ ਜਿਗਰੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਮਈ INTERNATIONAL PAPER, 94636 01616 hardipchumber57@gmail.com



ਮਨਮੋਹਨ ਸਿੰਘ ਨਾਭਾ
9815504086

ਕਿਰਤੀਆਂ ਦੇ ਪਰਬਤਾਂ ਜਿਹੇ ਜਿਗਰੇ
ਵਕਤਾਂ ਨੂੰ ਢਹਿ ਢੇਰੀ ਕਰ ਦਿੰਦੇ
ਕਿਰਤ ਦਾ ਅਸਲ ਮੁੱਲ ਲੈਣ ਲਈ

ਉਹ ਮਸ਼ਾਲ ਕਿਸੇ ਕੰਮ ਦੀ ਨਾ
ਜੋ ਲੋੜ ਪਏ ਰਸਤਾ ਨਾ ਵਿਖਾਵੇ
ਪਰ ਸ਼ਰਤ ਮਸ਼ਾਲ ਵਿੱਚ ਨਿੰਜ ਨਹੀਂ
ਲਾਟ ਰੱਤ ਦੀ ਬਲਦੀ ਹੋਵੇ

ਹਾਕਮਾਂ ਦੀਆਂ ਅੱਖਾਂ ਵਿੱਚ ਕੋਕਰੂ ਵਾਂਗ ਰੜਕਦੇ
ਕੰਮੀਆਂ ਦੇ ਵਿਹੜਿਆਂ ਵਿੱਚ ਬਲ਼ਦੇ ਚੁੱਲ੍ਹੇ ਤੇ ਚਿਰਾਗ
ਭਾਵੇਂ ਇਹ ਗੀਤਾਂ ਕਵਿਤਾਵਾਂ ਵਿੱਚ ਬੋਲਦੇ ਸੁਣਾਉਂਦੇ
ਕੰਮੀਆਂ ਦੀ ਦਾਸਤਾਨ

ਆਲਿਆਂ ਵਿੱਚ ਕਦੇ ਬੁਝਦੇ ਜਗਦੇ ਦੀਵੇ
ਆਪਸ ਵਿੱਚ ਗੱਲਾਂ ਕਰਦੇ ਹੰਝੂ ਕੇਰਦੇ
ਕਹਿੰਦੇ ਬੇ ਚਿਰਾਗ ਜਿਹੇ ਆਲਿਆਂ ਵਿੱਚ
ਚਿਰਾਗ ਲਗਾਉਂਦੇ ਕਈ ਨਿਜ ਤੋਂ ਪਰੇ ਦੇ ਜੁਗਨੂੰ

ਧਰਤੀ ਬਾਹਾਂ ਖਿਲਾਰ ਕਰ ਰਹੀ ਹੈ ਇੰਤਜ਼ਾਰ
ਉਡੀਕ ਰਹੀ ਹੈ ਅਪਣੇ ਮੂਲ ਹੱਕਦਾਰਾਂ ਨੂੰ
ਪੌਣ ਪਾਣੀ ਧਰਤੀ ਨਹੀਂ ਕਿਸੇ ਦੀ ਜੰਗੀਰ
ਇਹ ਕੁਦਰਤ ਦਾ ਹੈ ਵਰਦਾਨ

ਮਨੁੱਖਤਾ ਹਸਦੀ ਨਹੀਂ ਛੱਡਣੀ ਹਾਕਮਾਂ
ਧਰਤੀ ਬੰਜਰ ਸਕੂਲਾਂ ਹਸਪਤਾਲਾਂ ਨੂੰ ਸਰਪਲੱਸ ਕਰਕੇ
ਆਟਾ ਦਾਲ ਬਿਜਲੀ ਸਕੂਲਾਂ ਨੂੰ ਫ੍ਰੀ ਕਰਦੇ
ਮਨਮੋਹਨ ਐਵੇਂ ਚਿਰਾਗ ਨਹੀਂ ਬਲਣੇ ਬਿਨਾਂ ਬੋਧ ਤੋਂ
ਮਿਣੀ ਜਾਣੀਂ ਨਹੀਂ ਜ਼ਮੀਨ ਹਿਸੇ ਦੀ
ਬਿਨਾਂ ਸੰਘਰਸ਼ ਧਰਤੀ ਦੀ ਹਿੱਕ ਪਾੜ ਕੇ

"ਇਕੁਐਲਿਟੀ ਐਂਡ ਜਸਟਿਸ"



ਐਡਵਰਟਾਈਜਮੈਂਟ, ਖ਼ਬਰਾਂ, ਆਰਟੀਕਲ, ਕਵਿਤਾਵਾਂ, ਲਿਖਤਾਂ, ਖੁਸ਼ੀਆਂ ਅਤੇ ਗਮੀਆਂ ਦੇ ਸੁਨੇਹੇ, ਵਿਆਹ ਸ਼ਾਦੀਆਂ ਦੇ ਇਸ਼ਤਿਹਾਰ ਆਦਿ ਅਤੇ ਹੋਰ ਛਾਪਣ ਯੋਗ ਸਮਗਰੀ ਫੋਟੋਆਂ ਦੇ ਸਮੇਤ ਟਾਈਪ ਕਰਕੇ ਸਾਫ-ਸਾਫ ਭੇਜਣ ਦੀ ਕਿਰਪਾ ਕਰੋ। ਕਿਸੇ ਵੀ ਤਰਾਂ ਦੀ ਲਿਖਤਾਂ, ਖ਼ਬਰਾਂ ਅਤੇ ਇਸ਼ਤਿਹਾਰ ਦੀ ਹਰ ਤਰਾਂ ਦੀ ਜਿੰਮੇਵਾਰੀ ਭੇਜਣ ਵਾਲੇ ਦੀ ਹੋਵੇਗੀ। ਕਿਸੇ ਵੀ ਲਿਖਤ ਨੂੰ ਛਾਪਣਾ ਜਾ ਨਾ ਛਾਪਣਾ "ਇਕੁਐਲਿਟੀ ਐਂਡ ਜਸਟਿਸ" ਬੋਰਡ ਦੇ ਡਾਇਰੈਕਟਰਜ਼ ਦਾ ਅਧਿਕਾਰ ਹੋਵੇਗਾ।

ਸਮਾਜਿਕ ਦਾਇਤਵ ਹਿਤ ਸਹਾਇਤਾ ਲਈ ਗੁੱਗਲ ਪੇ ਨੰਬਰ ਅਤੇ ਬੈਂਕ ਅਕਾਊਂਟ ਨੰਬਰ ਦਿੱਤਾ ਗਿਆ ਹੈ।

ਸੰਪਾਦਕ – "ਇਕੁਐਲਿਟੀ ਐਂਡ ਜਸਟਿਸ" - Whats app 91-94636-01616.

Email-hardipchumber57@gmail.com -
(Google pay- 91-9780634849)

UPI ID: aekanshchumber@oksbi
Scan this code to pay me

HARDIP SINGH SATE BANK OF INDIA
ACCT NO-10566643658 . IFSC- SBIN0050773

